ਫ਼ . ਏਂਗਲਜ਼

# ਕਾਰਲ ਮਾਰਕਸ



ਸਾਰੇ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

ਫ਼. ਏਂਗਲਜ਼

# ਕਾਰਲ ਮਾਰਕਸ

ਇਹ ਐਡੀਸ਼ਨ — ਅਪ੍ਰੈਲ 2010

ਟਾਈਟਲ ਕਵਰ — ਰਾਮਬਾਬੂ

**ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**
**(ਪੰਜਾਬੀ ਵਿਭਾਗ ਰਾਹੁਲ ਫਾਉਂਡੇਸ਼ਨ-ਲਖਨਊ)**

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 15 ਰੁਪਏ**

**Karl Marx by F. Engels**

# ਕਾਰਲ ਮਾਰਕਸ

ਕਾਰਲ ਮਾਰਕਸ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਸਮਾਜਵਾਦ ਅਤੇ ਇਉਂ ਸਾਡੇ ਸਮੇਂ ਦੀ ਕਿਰਤੀ ਲਹਿਰ ਨੂੰ, ਵਿਗਿਆਨਕ ਅਧਾਰ ਦਿੱਤਾ, 1818 ਵਿੱਚ ਟਰੀਏਰ ਵਿਖੇ ਜੰਮੇ। ਉਹ ਬੋਨ ਅਤੇ ਬਰਲਿਨ ਵਿਖੇ ਪੜ੍ਹੇ, ਪਹਿਲਾਂ ਪਹਿਲ ਕਾਨੂੰਨ ਦਾ ਅਧਿਐਨ ਕੀਤਾ, ਪਰ ਛੇਤੀ ਹੀ ਉਨ੍ਹਾਂ ਨੇ ਆਪਣੇ ਆਪ ਨੂੰ ਇਤਿਹਾਸ ਅਤੇ ਦਰਸ਼ਨ ਦੇ ਅਧਿਐਨ ਦੇ ਅਰਪਨ ਕਰ ਦਿੱਤਾ ਅਤੇ 1842 ਵਿੱਚ ਆਪਣੇ ਆਪ ਨੂੰ ਦਰਸ਼ਨ ਦੇ ਮੀਤ ਪ੍ਰੋਫ਼ੈਸਰ ਵਜੋਂ ਸਥਾਪਤ ਕਰਨ ਹੀ ਲੱਗੇ ਸਨ ਕਿ ਫ਼ਰੈਡਰਿਕ ਵਿਲੀਅਮ ਤੀਜੇ ਦੀ ਮੌਤ ਪਿੱਛੋਂ ਉਭਰੀ ਰਾਜਸੀ ਲਹਿਰ ਨੇ ਉਨ੍ਹਾਂ ਦੇ ਜੀਵਨ ਨੂੰ ਉੱਕਾ ਹੀ ਵੱਖਰੀਆਂ ਲੀਹਾਂ ਉੱਤੇ ਪਾ ਦਿੱਤਾ। ਉਨ੍ਹਾਂ ਦੀ ਮਿਲਵਰਤਨ ਨਾਲ਼ ਰ੍ਹਾਈਨ ਦੇ ਇਲਾਕੇ ਦੀ ਉਦਾਰਪੰਥੀ ਬੁਰਜੂਆਜ਼ੀ ਦੇ ਆਗੂਆਂ, ਕੰਪਗਾਉਜ਼ੇਨ, ਗਾਂਜ਼ੇਮਾਨ ਅਤੇ ਹੋਰਨਾਂ ਨੇ, ਕੋਲੋਨ ਵਿਖੇ "Rheinische Zeitung"[1] ਸ਼ੁਰੂ ਕੀਤਾ ਸੀ ਅਤੇ 1842 ਦੀ ਪਤਝੜ ਵਿੱਚ ਮਾਰਕਸ, ਜਿਨ੍ਹਾਂ ਦੀ ਰ੍ਹਾਈਨ ਦੀ ਲੈਂਡਤਾਗ* ਦੀ ਪੜਚੋਲ ਨੇ ਬਹੁਤ ਜ਼ਿਆਦਾ ਧਿਆਨ ਖਿਚਿਆ ਸੀ, ਇਹ ਦੇ ਮੁਖੀ ਬਣਾ ਦਿੱਤੇ ਗਏ, ਸੁਭਾਵਕ ਹੀ "Rheinische Zeitung" ਸੈਂਸਰਸ਼ਿਪ ਅਧੀਨ ਛੱਪਦਾ ਪਰ ਸੈਂਸਰ ਇਹ ਦੇ ਨਾਲ਼, ਨਿਬੜ ਨਾ ਸਕਦਾ।** "Rheinische Zeitung" ਲਗਭਗ ਸਦਾ ਹੀ ਉਹ ਲੇਖ ਬਚਾ ਲੈਂਦਾ ਜਿਹੜੇ ਕੰਮ ਦੇ ਹੁੰਦੇ; ਸੈਂਸਰ ਨੂੰ ਪਹਿਲਾਂ ਕਟਣ ਲਈ ਨਾਕਾਰਾ ਚਾਰਾ ਦਿੱਤਾ ਜਾਂਦਾ, ਇੱਥੋਂ ਤੱਕ ਕਿ ਉਹ ਆਪਣੇ ਆਪ ਹਥਿਆਰ ਸੁੱਟ ਦੇਂਦਾ ਜਾਂ ਇਸ ਧਮਕੀ ਕਾਰਨ ਹਥਿਆਰ ਸੁੱਟਣ 'ਤੇ ਮਜਬੂਰ ਹੋ ਜਾਂਦਾ ਕਿ ਅਗਲੇ ਦਿਨ ਅਖ਼ਬਾਰ ਨਹੀਂ ਨਿਕਲੇਗਾ। ਜੇ "Rheinische Zeitung" ਜਿਹੇ ਦਲੇਰ ਦਸ ਹੋਰ ਅਖ਼ਬਾਰ ਹੁੰਦੇ ਅਤੇ ਜਿਨ੍ਹਾਂ ਦੇ ਪ੍ਰਕਾਸ਼ਕ ਟਾਈਪ ਜੋੜਨ ਲਈ ਸੌ ਥੇਲਰ ਹੋਰ ਖ਼ਰਚਣ ਲਈ ਤਿਆਰ ਹੁੰਦੇ ਤਾਂ ਜਰਮਨੀ ਵਿੱਚ ਸੈਂਸਰਸ਼ਿਪ ਅਸੰਭਵ ਬਣਾ ਦਿੱਤੀ ਗਈ ਹੁੰਦੀ। ਪਰ ਜਰਮਨ ਅਖ਼ਬਾਰਾਂ ਦੇ ਮਾਲਕ ਹੋਛੇ, ਡਰਾਕਲ ਅਸਭਿਅ ਲੋਕ ਸਨ ਅਤੇ "Rheinische Zeitung" ਨੇ ਇਕੱਲੇ ਹੀ ਲੜਾਈ ਜਾਰੀ ਰਖੀ। ਉਹ ਨੇ ਇੱਕ ਤੋਂ ਪਿੱਛੋਂ ਦੂਜੇ ਸੈਂਸਰ ਨੂੰ ਥਕਾ ਦਿੱਤਾ ਅਤੇ ਅਖ਼ੀਰ ਇਹ ਦੇ ਉੱਤੇ ਦੂਹਰੀ ਸੈਂਸਰਸ਼ਿਪ ਲਾ ਦਿੱਤੀ ਗਈ; ਪਹਿਲੀ ਸੈਂਸਰਸ਼ਿਪ ਤੋਂ ਪਿੱਛੋਂ Regierungspr‰sident*** ਨੇ ਇਹ ਨੂੰ ਇੱਕ ਵਾਰ ਹੋਰ ਅਤੇ ਅੰਤਮ ਤੌਰ 'ਤੇ ਸੈਂਸਰ ਕਰਨਾ ਹੁੰਦਾ ਸੀ। ਪਰ ਇਹ ਦਾ ਵੀ ਕੋਈ ਲਾਭ

* ਅਸੈਂਬਲੀ। - **ਅਨੁ :**

** "Rheinische Zeitung" ਦਾ ਪਹਿਲਾ ਸੈਂਸਰ ਪੁਲਿਸ ਸਲਾਹਕਾਰ ਡੋਲੇਸ਼ਾਲ ਸੀ, ਉਹੋ ਬੰਦਾ ਜਿਸ ਨੇ "Kölnische Zeitung"[2] ਵਿੱਚੋਂ ਫ਼ਿਲਾਲੇਥ (ਪਿੱਛੋਂ ਜਾ ਕੇ ਸੈਕਸਨੀ ਦਾ ਬਾਦਸ਼ਾਹ ਜਾਨ) ਵਜੋਂ ਦਾਂਤੇ ਦੀ ਕਿਰਤ "ਰੱਬੀ ਕਾਮੇਦੀ" ਦਾ ਇਸ਼ਤਿਹਾਰ ਇਹ ਕਹਿ ਕੇ ਕੱਢ ਦਿੱਤਾ : "ਰੱਬੀ ਮਾਮਲਿਆਂ ਦੀ ਕਾਮੇਦੀ ਨਹੀਂ ਬਣਾਉਣੀ ਚਾਹੀਦੀ।"

***Regierungspräsident ਪਰਸ਼ੀਆ ਵਿੱਚ ਕੇਂਦਰੀ ਕਾਰਜਕਾਰੀ ਦਾ ਪ੍ਰਦੇਸ਼ਕ ਪ੍ਰਤੀਨਿੱਧ। **—ਸੰਪਾ.**

ਨਾ ਹੋਇਆ। 1843 ਦੇ ਸ਼ੁਰੂ ਵਿੱਚ ਹਕੂਮਤ ਨੇ ਐਲਾਨ ਕੀਤਾ ਕਿ ਇਸ ਅਖ਼ਬਾਰ ਨੂੰ ਹੱਦ ਵਿੱਚ ਅਸੰਭਵ ਹੈ ਅਤੇ ਹੋਰ ਤਰਦਦ ਤੋਂ ਬਿਨਾਂ ਇਹ ਨੂੰ ਬੰਦ ਕਰ ਦਿੱਤਾ।

ਮਾਰਕਸ, ਜਿਨ੍ਹਾਂ ਨੇ ਇਸ ਸਮੇਂ ਵਿੱਚ ਫਾਨ ਵੈਸਟਫ਼ਾਲੇਨ, ਜਿਹੜਾ ਪਿੱਛੋਂ ਜਾ ਕੇ ਪਿਛਾਖੜ ਦਾ ਵਜ਼ੀਰ ਬਣਿਆ, ਦੀ ਭੈਣ ਨਾਲ਼ ਵਿਆਹ ਕਰ ਲਿਆ ਸੀ, ਪੈਰਿਸ ਚਲੇ ਗਏ ਅਤੇ ਉੱਥੇ, ਅ. ਰੂਗੇ ਨਾਲ਼ ਮਿਲਕੇ "German-French Annuals"[3] ਸ਼ੁਰੂ ਕੀਤਾ, ਜਿਸ ਵਿੱਚ "ਕਾਨੂੰਨ ਦੇ ਹੀਗਲਵਾਦੀ ਦਰਸ਼ਨ ਦੀ ਪੜਚੋਲ਼" ਨਾਲ਼ ਸ਼ੁਰੂ ਹੋ ਕੇ, ਉਨ੍ਹਾਂ ਦੀਆਂ ਸੋਸ਼ਲਿਸਟ ਲਿਖਤਾਂ ਦੀ ਲੜੀ ਛਪੀ। ਹੋਰ, ਫ਼. ਏਂਗਲਜ਼ ਨਾਲ਼ "ਪਵਿੱਤਰ ਪਰਿਵਾਰ, ਬਰੂਨੋਂ ਬਾਵੇਰ ਅਤੇ ਉਹ ਦੇ ਸਾਥੀਆਂ ਵਿਰੁੱਧ" ਛਪੀ, ਉਹਨਾਂ ਨਵੀਨਤਮ ਰੂਪਾਂ ਦੀ ਇੱਕ ਵਿਅੰਗ-ਭਰਪੂਰ ਪੜਚੋਲ਼ ਜਿਹੜੇ ਆਦਰਸ਼ਵਾਦ ਦੇ ਜਰਮਨ ਦਰਸ਼ਨ ਨੇ ਉਸ ਸਮੇਂ ਭਟਕਦੇ ਹੋਏ ਅਪਣਾ ਲਏ ਸਨ।

ਰਾਜਨੀਤਕ ਆਰਥਕਤਾ ਅਤੇ ਮਹਾਨ ਫ਼ਰਾਂਸੀਸੀ ਇਨਕਲਾਬ ਦੇ ਇਤਿਹਾਸ ਦੇ ਅਧਿਐਨ ਦੇ ਬਾਵਜੂਦ ਅਜੇ ਵੀ ਮਾਰਕਸ ਨੂੰ ਕਦੀ ਕਦਾਈਂ ਪਰੂਸ਼ੀਆ ਦੀ ਹਕੂਮਤ ਉੱਤੇ ਹਮਲਾ ਕਰਨ ਲਈ ਵਿਹਲ ਮਿਲ ਜਾਂਦੀ; ਪਿਛਲੇਰੀ ਨੇ 1845 ਦੀ ਬਸੰਤ ਰੁੱਤੇ ਗੀਜ਼ੋ ਵਜ਼ਾਰਤ ਤੋਂ ਉਨ੍ਹਾਂ ਦੇ ਫ਼ਰਾਂਸ ਤੋਂ ਬਾਹਰ ਕੀਤੇ ਜਾਣ ਦਾ ਹੁਕਮ[4] ਪ੍ਰਾਪਤ ਕਰਕੇ ਬਦਲਾ ਲਿਆ — ਕਿਹਾ ਜਾਂਦਾ ਹੈ ਕਿ ਸ੍ਰੀ ਅਲੈਕਸਾਂਦਰ ਫ਼ਾਨ ਹੋਮਬੋਲਦ ਨੇ ਵਿਚੋਲੇ ਦਾ ਕੰਮ ਕੀਤਾ। ਮਾਰਕਸ ਨੇ ਆਪਣੀ ਰਿਹਾਇਸ਼ ਬਰਸੇਲਜ਼ ਵਿਖੇ ਬਦਲ ਲਈ ਅਤੇ 1847 ਵਿੱਚ ਫ਼ਰਾਂਸੀਸੀ ਵਿੱਚ "ਦਰਸ਼ਨ ਦੀ ਕੰਗਾਲੀ", ਜਿਹੜੀ ਪਰੂਧੋਂ ਦੀ "ਕੰਗਾਲੀ ਦਾ ਦਰਸ਼ਨ" ਦੀ ਪੜਚੋਲ ਸੀ ਅਤੇ 1848 ਵਿੱਚ "ਆਜ਼ਾਦ ਵਪਾਰ ਬਾਰੇ ਨਿਬੰਧ" ਛਾਪੇ। ਇਹ ਦੇ ਨਾਲ਼ ਹੀ ਉਨ੍ਹਾਂ ਨੇ ਬਰਸੇਲਜ਼ ਵਿਖੇ ਜਰਮਨ ਕਿਰਤੀਆਂ ਦੀ ਸਭਾ[5] ਸਥਾਪਤ ਕਰਨ ਲਈ ਅਵਸਰ ਲੱਭ ਲਿਆ ਅਤੇ ਇਉਂ ਅਮਲੀ ਰਾਜਸੀ ਐਜੀਟੇਸ਼ਨ ਸ਼ੁਰੂ ਕੀਤੀ। ਪਿਛਲੇਰੀ ਉਨ੍ਹਾਂ ਦੇ ਲਈ ਹੋਰ ਵੀ ਮਹੱਤਵਪੂਰਨ ਹੋ ਗਈ ਜਦੋਂ ਉਹ ਅਤੇ ਉਨ੍ਹਾਂ ਰਾਜਸੀ ਮਿੱਤਰ 1847 ਵਿੱਚ ਗੁਪਤ ਕਮਿਊਨਿਸਟ ਲੀਗ ਵਿੱਚ ਸ਼ਾਮਲ ਹੋ ਗਏ, ਜਿਸ ਦੀ ਪਹਿਲਾਂ ਹੀ ਕਈ ਵਰ੍ਹਿਆਂ ਤੋਂ ਹੋਂਦ ਸੀ। ਇਹਦੀ ਸਾਰੀ ਬਣਤਰ ਹੁਣ ਬੁਨਿਆਦੀ ਤੌਰ 'ਤੇ ਤਬਦੀਲ ਕਰ ਦਿੱਤੀ ਗਈ; ਇਹ ਸਭਾ, ਜਿਹੜੀ ਪਹਿਲਾਂ ਘੱਟ ਜਾਂ ਵੱਧ ਸਾਜ਼ਸ਼ੀ ਸੀ, ਹੁਣ ਕਮਿਊਨਿਸਟ ਪ੍ਰਚਾਰ ਦੀ ਸਾਦੀ ਜੱਥੇਬੰਦੀ ਵਿੱਚ ਤਬਦੀਲ ਕਰ ਦਿੱਤੀ ਗਈ, ਜਿਹੜੀ ਕੇਵਲ ਇਸ ਲਈ ਗੁਪਤ ਸੀ ਕਿ ਲੋੜ ਇਹਨੂੰ ਅਜਿਹਾ ਹੋਣ ਤੇ ਮਜਬੂਰ ਕਰਦੀ, ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ **ਪਹਿਲੀ** ਜੱਥੇਬੰਦੀ। ਜਿੱਥੇ ਕਿਧਰੇ ਜਰਮਨ ਕਿਰਤੀਆਂ ਦੀਆਂ ਯੂਨੀਅਨਾਂ ਸਨ, ਲੀਗ ਦੀ ਹੋਂਦ ਸੀ; ਇੰਗਲੈਂਡ, ਬੈਲਜੀਅਮ, ਫ਼ਰਾਂਸ ਅਤੇ ਸਵਿਟਜ਼ਰਲੈਂਡ ਦੀਆਂ ਲਗਭਗ ਸਾਰੀਆਂ ਯੂਨੀਅਨਾਂ ਵਿੱਚ ਅਤੇ ਜਰਮਨੀ ਦੀਆਂ ਬਹੁਤ ਸਾਰੀਆਂ ਯੂਨੀਅਨਾਂ ਵਿੱਚ, ਆਗੂ ਮੈਂਬਰ ਲੀਗ ਵਿੱਚ ਸ਼ਾਮਲ ਸਨ ਅਤੇ ਸ਼ੁਰੂ ਹੋ ਰਹੀ ਜਰਮਨ ਕਿਰਤੀ ਲਹਿਰ ਵਿੱਚ ਲੀਗ ਦਾ ਹਿੱਸਾ ਬਹੁਤ ਕਾਫ਼ੀ ਸੀ। ਹੋਰ, ਸਾਡੀ ਲੀਗ ਪਹਿਲੀ ਜੱਥੇਬੰਦੀ ਸੀ ਜਿਹੜੀ ਸਮੁੱਚੀ ਕਿਰਤੀ ਲਹਿਰ ਦੇ ਕੌਮਾਂਤਰੀ ਖ਼ਾਸੇ ਉੱਤੇ ਜ਼ੋਰ ਦੇਂਦੀ ਅਤੇ ਇਹਨੂੰ ਅਮਲ ਵਿੱਚ ਪ੍ਰਾਪਤ ਕਰਦੀ, ਜਿਸ ਦੇ ਅੰਗਰੇਜ਼,

ਬੈਲਜਮੀ, ਹੰਗੇਰਵੀ, ਪੋਲਿਸਤਾਨੀ, ਆਦਿ ਮੈਂਬਰ ਸਨ ਅਤੇ ਜਿਹੜੀ ਕੌਮਾਂਤਰੀ ਕਿਰਤੀ ਇਕਤ੍ਰਤਾਵਾਂ ਜੱਥੇਬੰਦ ਕਰਦੀ, ਖ਼ਾਸ ਤੌਰ 'ਤੇ ਲੰਦਨ ਵਿੱਚ।

ਲੀਗ ਦੀ ਕਾਇਆ-ਪਲਟ 1847 ਵਿੱਚ ਹੋਈਆਂ ਦੋ ਕਾਂਗਰਸਾਂ ਵਿੱਚ ਹੋਈ, ਜਿਨ੍ਹਾਂ ਵਿੱਚੋਂ ਦੂਜੀ ਨੇ ਇੱਕ ਮੈਨੀਫੈਸਟੋ ਵਿੱਚ, ਜਿਹੜਾ ਮਾਰਕਸ ਤੇ ਏਂਗਲਜ਼ ਨੇ ਲਿਖਣਾ ਸੀ, ਪਾਰਟੀ ਪ੍ਰੋਗਰਾਮ ਦੇ ਬੁਨਿਆਦੀ ਅਸੂਲਾਂ ਨੂੰ ਵਿਸਥਾਰਨ ਅਤੇ ਛਾਪਣ ਦਾ ਫੈਸਲਾ ਕੀਤਾ। ਇਉਂ "ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ" 1848 ਵਿੱਚ, ਫ਼ਰਵਰੀ ਇਨਕਲਾਬ ਤੋਂ ਥੋੜ੍ਹਾ ਸਮਾਂ ਪਹਿਲਾਂ ਹੋਂਦ ਵਿੱਚ ਆਇਆ ਅਤੇ ਉਸ ਸਮੇਂ ਪਿੱਛੋਂ ਲਗਭਗ ਸਾਰੀਆਂ ਯੂਰਪੀ ਬੋਲੀਆਂ ਵਿੱਚ ਅਨੁਵਾਦਿਆਂ ਜਾ ਚੁੱਕਾ ਹੈ।

"Deutsche-Br¸sseler-Zeitung"[6] ਜਿਸ ਵਿੱਚ ਮਾਰਕਸ ਨੇ ਹਿੱਸਾ ਲਿਆ ਅਤੇ ਪਿਤਰੀ ਭੂਮੀ ਦੀ ਪੁਲਸੀ ਹਕੂਮਤ ਦੀਆਂ ਬਰਕਤਾਂ ਦਾ ਬੇਕਿਰਕੀ ਨਾਲ਼ ਪਾਜ ਉਘੇੜਿਆ ਕਾਰਨ ਪਰੂਸ਼ੀਆਈ ਹਕੂਮਤ ਨੇ ਮਾਰਕਸ ਨੂੰ ਇੱਕ ਵਾਰ ਫਿਰ ਬਦਰ ਕਰਾਉਣ ਦਾ ਯਤਨ ਕਰਨ ਲਈ ਪ੍ਰੇਰਿਆ, ਪਰ ਐਤਕੀਂ ਵਿਅਰਥ। ਪਰ ਜਦੋਂ ਫ਼ਰਵਰੀ ਇਨਕਲਾਬ ਕਾਰਨ ਬਰਸੇਲਜ਼ ਵਿੱਚ ਵੀ ਜਨਤਕ ਲਹਿਰਾਂ ਉਭਰੀਆਂ ਅਤੇ ਬੁਨਿਆਦੀ ਤਬਦੀਲੀਆਂ ਬੈਲਜੀਅਮ ਵਿੱਚ ਵੀ ਫ਼ੌਰੀ ਜਾਪਣ ਲਗ ਪਈਆਂ ਤਾਂ ਬੈਲਜੀਅਮ ਦੀ ਹਕੂਮਤ ਨੇ ਕਿਸੇ ਰਖ-ਰਖਾ ਤੋਂ ਬਿਨਾਂ ਮਾਰਕਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਬਦਰ ਕਰ ਦਿੱਤਾ। ਇਚਰ, ਫ਼ਰਾਂਸ ਦੀ ਆਰਜ਼ੀ ਹਕੂਮਤ ਨੇ ਫ਼ਲੋਕੋਨ ਰਾਹੀਂ ਉਨ੍ਹਾਂ ਨੂੰ ਪੈਰਿਸ ਮੁੜ ਆਉਣ ਲਈ ਸੱਦਾ ਭੇਜਿਆ ਸੀ ਅਤੇ ਉਨ੍ਹਾਂ ਨੇ ਇਹ ਸੱਦਾ ਕਬੂਲ ਕਰ ਲਿਆ।

ਪੈਰਿਸ ਵਿੱਚ ਉਹ ਇਨਕਲਾਬ ਅਤੇ ਗਣਰਾਜ ਜਰਮਨੀ ਵਿੱਚ ਲਿਜਾਣ ਲਈ ਫ਼ਰਾਂਸ ਵਿੱਚ ਰਹਿੰਦੇ ਜਰਮਨ ਕਿਰਤੀਆਂ ਨੂੰ ਹਥਿਆਰਬੰਦ ਦਸਤਿਆਂ ਵਿੱਚ ਜੱਥੇਬੰਦ ਕਰਨ ਦੀ ਠੱਗੀ ਵਿਰੁੱਧ, ਜਿਹੜੀ ਉੱਥੇ ਜਰਮਨਾਂ ਵਿੱਚ ਆਮ ਫੈਲੀ ਹੋਈ ਸੀ, ਖੁਲ੍ਹ ਕੇ ਨਿਤਰਿਆ। ਇੱਕ ਹੱਥ, ਜਰਮਨੀ ਨੇ ਆਪਣਾ ਇਨਕਲਾਬ ਆਪ ਕਰਨਾ ਸੀ ਅਤੇ ਦੂਜੇ ਹੱਥ ਆਰਜੀ ਹਕੂਮਤ ਦੇ ਲਾਮਾਰਤੀਨ ਫ਼ਰਾਂਸ ਵਿੱਚ ਬਣੇ ਹਰ ਵਿਦੇਸ਼ੀ ਦਸਤੇ ਬਾਰੇ ਉਸ ਹਕੂਮਤ ਨੂੰ ਖ਼ਬਰ ਦੇ ਦੇਂਦੇ ਜਿਸ ਦਾ ਤਖ਼ਤਾ ਉਲਟਾਇਆ ਜਾਣਾ ਸੀ, ਜਿਹਾ ਕਿ ਬੈਲਜੀਅਮ ਅਤੇ ਬਾਦਨ ਦੀ ਹਾਲਤ ਵਿੱਚ ਹੋਇਆ।

ਮਾਰਚ ਇਨਕਲਾਬ ਤੋਂ ਪਿੱਛੋਂ ਮਾਰਕਸ ਕੋਲੋਨ ਚਲੇ ਗਏ ਅਤੇ "Neue Rheinische Zeitung"[7] ਸਥਾਪਤ ਕੀਤਾ, ਜਿਹੜਾ ਪਹਿਲੀ ਜੂਨ 1848 ਤੋਂ 19 ਮਈ 1849 ਤੱਕ ਹੋਂਦ ਵਿੱਚ ਰਿਹਾ — ਇੱਕੋ ਇੱਕ ਅਖ਼ਬਾਰ ਜਿਹੜਾ ਉਸ ਸਮੇਂ ਦੀ ਜਮਹੂਰੀ ਲਹਿਰ ਵਿੱਚ ਪ੍ਰੋਲੇਤਾਰੀ ਦੇ ਦ੍ਰਿਸ਼ਟੀਕੋਣ ਦੀ ਪ੍ਰਤੀਨਿੱਧਤਾ ਕਰਦਾ ਸੀ, ਜਿਹਾ ਕਿ ਇਹਦੀ ਪੈਰਿਸ ਦੇ ਜੂਨ 1848 ਦੇ ਬਾਗ਼ੀਆਂ[8] ਦੀ ਬਿਨਾਂ ਸ਼ਰਤ ਹਮਾਇਤ ਤੋਂ ਸਪੱਸ਼ਟ ਹੈ, ਜਿਸ ਕਾਰਨ ਇਹਦੇ ਸਾਰੇ ਹਿੱਸੇਦਾਰ ਸਾਥ ਛੱਡ ਗਏ। ਵਿਅਰਥ ਹੀ "Kreuz-Zeitung"[9] ਨੇ ਉਸ "ਚਿੰਮਬੋਰਾਜ਼ੋ* ਗੁਸਤਾਖ਼ੀ" ਵੱਲ ਧਿਆਨ ਦਿਵਾਇਆ ਜਿਸ ਨਾਲ਼ "Neue

*** ਚਿੰਮਬੋਰਾਜ਼ੋ** — ਦੱਖਣੀ ਅਮਰੀਕਾ ਦੀ ਅੰਡੇਜ਼ ਪਰਬਤ-ਲੜੀ ਵਿੱਚ ਇੱਕ ਸਭ ਤੋਂ ਉੱਚੀ ਚੋਟੀ। — **ਸੰਪਾ.**

Rheinische Zeitung”[10] ਬਾਦਸ਼ਾਹ ਅਤੇ ਸਲਤਨਤ ਦੇ ਵਾਈਸ-ਰੀਜੰਟ ਤੋਂ ਲੈ ਕੇ ਜੈਂਡਾਰਮ ਤੱਕ ਹਰ ਪਵਿੱਤਰ ਸ਼ੈਅ ’ਤੇ ਹਮਲਾ ਕਰਦਾ ਸੀ ਅਤੇ ਉਹ ਵੀ ਇੱਕ 8,000 ਨਫ਼ਰੀ ਵਾਲ਼ੀ ਪਰੂਸ਼ੀਆਈ ਗੜ੍ਹੀ ਵਾਲ਼ੇ ਸ਼ਹਿਰ ਵਿੱਚ। ਵਿਅਰਥ ਸੀ ਰ੍ਹਾਈਨ ਦੇ ਉਦਾਰਪੰਥੀ ਅਸਭਿਆਂ ਦਾ ਗੁਸਾ, ਜਿਹੜੇ ਅਚਾਨਕ ਪਿਛੇਖਿਚੂ ਬਣ ਗਏ ਸਨ। ਵਿਅਰਥ ਹੀ 1848 ਦੀ ਪਤਝੜ ਵਿੱਚ ਕੋਲੋਨ ’ਤੇ ਮਾਰਸ਼ਲ ਲਾਅ ਰਾਹੀਂ ਅਖ਼ਬਾਰ ਲੰਮੇ ਸਮੇਂ ਲਈ ਬੰਦ ਕਰ ਦਿੱਤਾ ਗਿਆ। ਵਿਅਰਥ ਹੀ ਫ਼ਰੈਂਕਫ਼ੋਰਟ ਵਿਖੇ ਇਨਸਾਫ ਦੀ ਵਜ਼ਾਰਤ ਕੋਲੋਨ ਦੇ ਸਰਕਾਰੀ ਵਕੀਲ ਅੱਗੇ ਇੱਕ ਤੋਂ ਪਿੱਛੋਂ ਦੂਜੇ ਲੇਖ ਦੀ ਨਖੇਧੀ ਕਰਦੀ ਤਾਂ ਜੁ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਪੁਲਿਸ ਦੀਆਂ ਅੱਖਾਂ ਦੇ ਐਨ ਸਾਹਮਣੇ ਅਖ਼ਬਾਰ ਸੰਪਾਦਤ ਕੀਤਾ ਅਤੇ ਛਾਪਿਆਂ ਜਾਂਦਾ ਰਿਹਾ ਅਤੇ ਹਕੂਮਤ ਅਤੇ ਬੁਰਜੂਆਜ਼ੀ ਉੱਤੇ ਇਹ ਦੇ ਹਮਲਿਆਂ ਦੇ ਜੋਸ਼ ਕਾਰਨ ਇਹ ਦੀ ਵਿਕਰੀ ਅਤੇ ਸਤਿਕਾਰ ਵਧਦੇ ਗਏ। ਜਦੋਂ ਨਵੰਬਰ 1848[11] ਵਿੱਚ ਪਰੂਸ਼ੀਆਈ ਰਾਜ-ਪਲਟਾ ਹੋਇਆ ਤਾਂ “Neue Rheinische Zeitung” ਆਪਣੇ ਹਰ ਪਰਚੇ ਦੇ ਸ਼ੁਰੂ ਵਿੱਚ ਲੋਕਾਂ ਨੂੰ ਟੈਕਸ ਨਾ ਦੇਣ ਅਤੇ ਹਿੰਸਾ ਦਾ ਜਵਾਬ ਹਿੰਸਾ ਨਾਲ਼ ਦੇਣ ਦਾ ਸੱਦਾ ਦੇਂਦਾ। 1849 ਦੀ ਬਸੰਤ ਰੁਤੇ ਇਸ ਕਾਰਨ ਅਤੇ ਇੱਕ ਹੋਰ ਲੇਖ ਕਾਰਨ ਇਹਨੂੰ ਇੱਕ ਜਿਊਰੀ ਸਾਹਮਣੇ ਪੇਸ਼ ਹੋਣਾ ਪਿਆ ਪਰ ਦੋਵੇਂ ਵਾਰ ਇਹ ਬਰੀ ਹੋ ਗਿਆ। ਅਖ਼ੀਰ ਜਦੋਂ ਡਰੈਸਡਨ ਅਤੇ ਰ੍ਹਾਈਨ ਸੂਬੇ[12] ਵਿੱਚ ਮਈ ਮਹੀਨੇ ਦੀਆਂ ਬਗਾਵਤਾਂ ਦਬਾ ਦਿੱਤੀਆਂ ਗਈਆਂ ਅਤੇ ਕਾਫ਼ੀ ਗਿਣਤੀ ਵਿੱਚ ਫੌਜਾਂ ਇਕੱਠੀਆਂ ਕਰਨ ਅਤੇ ਲਾਮਬੰਦ ਕਰਨ ਪਿੱਛੋਂ ਬਾਦਨ-ਪਲਾਟੀਨੇਟ ਬਗਾਵਤ ਵਿਰੁੱਧ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਸੀ, ਹਕੂਮਤ ਨੇ ਆਪਣੇ ਆਪ ਨੂੰ ਇੰਨਾ ਤੱਕੜਾ ਸਮਝਿਆ ਕਿ “Neue Rheinische Zeitung” ਨੂੰ ਤਾਕਤ ਨਾਲ਼ ਦਬਾ ਦੇਵੇ। ਅਖ਼ੀਰੀ ਪਰਚਾ — ਲਾਲ ਸਿਆਹੀ ਨਾਲ਼ ਛਾਪਿਆ ਗਿਆ — 19 ਮਈ ਨੂੰ ਨਿਕਲਿਆ।

ਮਾਰਕਸ ਫਿਰ ਪੈਰਿਸ ਚਲੇ ਗਏ, ਪਰ 13 ਜੂਨ 1849 ਦੇ ਮੁਜ਼ਾਹਰੇ ਤੋਂ ਕੁੱਝ ਹਫ਼ਤੇ ਪਿੱਛੋਂ[13] ਫ਼ਰਾਂਸੀਸੀ ਹਕੂਮਤ ਵੱਲੋਂ ਉਨ੍ਹਾਂ ਸਾਹਮਣੇ ਇਹ ਚੋਣ ਪੇਸ਼ ਕੀਤੀ ਗਈ ਕਿ ਉਹ ਆਪਣੀ ਰਿਹਾਇਸ਼ ਬ੍ਰਿਟਨੀ ਵਿਖੇ ਤਬਦੀਲ ਕਰ ਲੈਣ ਜਾਂ ਫ਼ਰਾਂਸ ਛੱਡ ਜਾਣ। ਉਨ੍ਹਾਂ ਨੇ ਪਿਛਲੇਰੇ ਦੀ ਚੋਣ ਕੀਤੀ ਅਤੇ ਲੰਦਨ ਚਲੇ ਗਏ, ਜਿੱਥੇ ਉਹ ਉਦੋਂ ਤੋਂ ਨਿਰੰਤਰ ਰਹਿੰਦੇ ਰਹੇ ਹਨ।

“Neue Rheinische Zeitung” ਨੂੰ ਇੱਕ ਰਸਾਲੇ ਦੇ ਤੌਰ ’ਤੇ ਜਾਰੀ ਰੱਖਣ ਦੇ ਯਤਨ (ਹੈਂਬਰਗ ਤੋਂ 1850) ਪਿਛਾਖੜ ਦੀ ਨਿਰੰਤਰ ਵੱਧ ਰਹੀ ਹਿੰਸਾ ਕਾਰਨ ਤਿਆਗਣੇ ਪਏ। ਫ਼ਰਾਂਸ ਵਿੱਚ ਦਸੰਬਰ 1851 ਦੇ ਰਾਜ-ਪਲਟੇ ਤੋਂ ਇੱਕ ਦਮ ਪਿੱਛੋ ਮਾਰਕਸ ਨੇ “ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ” ਛਾਪੀ (ਬੋਸਟਨ, 1852; ਦੂਜੀ ਛਾਪ - ਹੈਂਬਰਗ, 1869, ਯੁੱਧ ਤੋਂ ਥੋੜ੍ਹਾ ਸਮਾਂ ਪਹਿਲਾਂ)। 1853 ਵਿੱਚ ਉਨ੍ਹਾਂ ਨੇ “ਕੋਲੋਨ ਦੇ ਕਮਿਊਨਿਸਟ ਮੁਕਦਮੇ ਬਾਰੇ ਉਘਾੜੇ”[14] ਲਿਖੀ, ਪਹਿਲੀ ਵਾਰ ਬਾਸਲ ਵਿੱਚ ਛਪੀ, ਪਿੱਛੋਂ ਬੋਸਟਨ ਅਤੇ ਫਿਰ ਪਿੱਛੇ ਜਿਹੇ ਲਾਈਪਜ਼ਿਗ ਵਿਖੇ)।

ਕੋਲੋਨ ਵਿੱਚ ਕਮਿਊਨਿਸਟ ਲੀਗ ਦੇ ਮੈਂਬਰਾਂ ਨੂੰ ਸਜ਼ਾ ਦਿੱਤੇ ਜਾਣ ਪਿੱਛੋਂ ਮਾਰਕਸ ਨੇ ਦਸ ਵਰ੍ਹਿਆਂ ਲਈ ਰਾਜਸੀ ਐਜੀਟੇਸ਼ਨ ਤਿਆਗ ਦਿੱਤੀ ਅਤੇ ਆਪਣੇ ਆਪ ਨੂੰ, ਇੱਕ ਹੱਥ, ਰਾਜਨੀਤਕ ਆਰਥਕਤਾ ਦੇ ਖੇਤਰ ਵਿੱਚ ਬ੍ਰਿਟਿਸ਼ ਮਿਊਜ਼ੀਅਮ ਦੀ ਲਾਇਬ੍ਰੇਰੀ ਦੇ ਭਰਪੂਰ ਭੰਡਾਰਾਂ ਦੇ ਅਧਿਐਨ ਅਤੇ ਦੂਜੇ ਹੱਥ "New York Tribune"[15] ਲਈ ਲਿਖਣ ਦੇ, ਜਿਸਨੇ ਅਮਰੀਕੀ ਖਾਨਾਜੰਗੀ[16] ਸ਼ੁਰੂ ਹੋਣ ਤੱਕ ਨਾ ਕੇਵਲ ਉਨ੍ਹਾਂ ਦੇ ਨਾਂ ਹੇਠ ਅਨੇਕ ਲੇਖ ਛਾਪੇ ਸਗੋਂ ਉਨ੍ਹਾਂ ਦੀ ਕਲਮ ਤੋਂ ਯੂਰਪ ਅਤੇ ਏਸ਼ੀਆ ਦੀ ਪ੍ਰਸਥਿਤੀ ਬਾਰੇ ਅਨੇਕ ਮੁਖ ਲੇਖ ਵੀ ਛਾਪੇ, ਦੇ ਅਰਪਨ ਕੀਤਾ। ਲਾਰਡ ਪਾਲਮਰਸਟਨ ਵਿਰੁੱਧ ਉਨ੍ਹਾਂ ਦੇ ਹਮਲੇ, ਜਿਹੜੇ ਬਰਤਾਨੀਆ ਦੀਆਂ ਸਰਕਾਰੀ ਦਸਤਾਵੇਜ਼ਾਂ ਦੇ ਵਿਸਥਾਰ-ਪੂਰਵਕ ਅਧਿਐਨ ਉੱਤੇ ਅਧਾਰਤ ਸਨ, ਲੰਦਨ ਵਿੱਚ ਪੈਂਫ਼ਲਟ ਦੇ ਰੂਪ ਵਿੱਚ ਛਾਪੇ ਗਏ।

ਅਤੇ ਰਾਜਨੀਤਕ ਆਰਥਕਤਾ ਦੇ ਉਹਦੇ ਅਨੇਕ ਵਰ੍ਹਿਆਂ ਦੇ ਅਧਿਐਨ ਦਾ ਪਹਿਲਾ ਸਿੱਟਾ "ਰਾਜਨੀਤਕ ਆਰਥਕਤਾ ਦੀ ਆਲੋਚਨਾ ਨੂੰ ਇੱਕ ਦੇਣ", ਭਾਗ ਪਹਿਲਾ, (ਬਰਲਿਨ, ਡੰਕਰ) 1859 ਵਿੱਚ ਛਪਿਆ। ਇਸ ਕਿਰਤ ਵਿੱਚ ਮੁਦਰਾ ਦੇ ਅਸੂਲ ਸਮੇਤ ਕਦਰ ਦੇ ਸਿਧਾਂਤ ਦੀ ਪਹਿਲੀ ਵਿਧੀਵਤ ਮਾਰਕਸੀ ਵਿਆਖਿਆ ਹੈ। ਅਤਾਲਵੀ ਯੁੱਧ[17] ਸਮੇਂ ਮਾਰਕਸ ਨੇ ਲੰਦਨ ਵਿੱਚ ਛੱਪਦੇ ਜਰਮਨ ਅਖ਼ਬਾਰ "Das Volk"[18] ਵਿੱਚ ਬੋਨਾਪਾਰਟਵਾਦ ਉੱਤੇ ਹਮਲਾ ਕੀਤਾ, ਜਿਹੜਾ ਉਦਾਰਪੰਥੀ ਬਣ ਕੇ ਸਾਹਮਣੇ ਆ ਰਿਹਾ ਸੀ ਅਤੇ ਪਸਿਤੀਆਂ ਕੌਮਾਂ ਦੇ ਮੁਕਤੀਦਾਤਾ ਹੋਣ ਦਾ ਪਾਰਟ ਖੇਡ ਰਿਹਾ ਸੀ ਅਤੇ ਉਸ ਸਮੇਂ ਦੀ ਪਰੂਸ਼ੀਆਈ ਨੀਤੀ ਦੀ ਵੀ, ਜਿਹੜੀ ਨਿਰਪਖਤਾ ਦੇ ਕਜਣ ਹੇਠ ਗੜ ਬੜ ਦਾ ਲਾਭ ਉੱਠਾ ਰਹੀ ਸੀ, ਪੜਚੋਲ ਕੀਤੀ। ਇਸ ਸਬੰਧ ਵਿੱਚ ਸ੍ਰੀ ਕਾਰਲ ਫ਼ੋਗਟ ਦੀ ਵਿਰੋਧਤਾ ਕਰਨੀ ਲਾਜ਼ਮੀ ਸੀ, ਜਿਹੜਾ ਸ਼ਹਿਜ਼ਾਦੇ ਨੈਪੋਲੀਅਨ (ਪਲੋਨ-ਪਲੋਨ) ਵੱਲੋਂ ਸੌਂਪੇ ਕੰਮ ਵਜੋਂ ਅਤੇ ਲੂਈ ਨੈਪੋਲੀਅਨ ਤੋਂ ਪੈਸੇ ਲੈ ਕੇ ਜਰਮਨੀ ਦੀ ਨਿਰਪਖਤਾ ਅਤੇ ਨਿਰਸੰਦੇਹ, ਹਮਦਰਦੀ ਲਈ ਮੁਹਿੰਮ ਚਲਾ ਰਿਹਾ ਸੀ। ਜਦੋਂ ਫ਼ੋਗਟ ਨੇ ਉਨ੍ਹਾਂ ਉੱਤੇ ਘ੍ਰਿਣਤ ਅਤੇ ਜਾਣ ਬੁੱਝ ਕੇ ਗ਼ਲਤ ਊਜਾਂ ਥਪੀਆਂ ਤਾਂ ਮਾਰਕਸ ਨੇ "ਸ੍ਰੀ ਫ਼ੋਗਟ" (ਲੰਦਨ 1860) ਨਾਲ਼ ਜਵਾਬ ਦਿੱਤਾ, ਜਿਸ ਵਿੱਚ ਫ਼ੋਗਟ ਅਤੇ ਸਾਮਰਾਜੀ ਨਕਲੀ-ਗਣਰਾਜ ਜੁੰਡੀ ਦੇ ਹੋਰਨਾਂ ਭਦਰਪੁਰਸ਼ਾਂ ਦਾ ਪਰਦਾ ਉਘੇੜਿਆ ਗਿਆ ਸੀ ਅਤੇ ਖੁਦ ਫ਼ੋਗਟ ਨੂੰ ਬਾਹਰਲੀਆਂ ਅਤੇ ਅੰਦਰਲੀਆਂ ਦੁਹਾਂ ਸ਼ਹਾਦਤਾਂ ਦੇ ਅਧਾਰ ਉੱਤੇ ਦਸੰਬਰ ਸਲਤਨਤ ਤੋਂ ਰਿਸ਼ਵਤ ਲੈਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਪ੍ਰੋੜ੍ਹਤਾ ਬਸ ਦਸ ਵਰ੍ਹੇ ਪਿੱਛੋਂ ਹੀ ਹੋਈ : 1870 ਵਿੱਚ ਤੂਲਰੀ[19] ਵਿਖੇ ਮਿਲੀ ਲੂਈ ਬੋਨਾਪਾਰਟ ਦੇ ਭਾੜੇ ਦੇ ਟਟੂਆਂ ਦੀ ਸੂਚੀ ਵਿੱਚ, ਜਿਹੜੀ ਸਤੰਬਰ ਹਕੂਮਤ[20] ਨੇ ਛਾਪੀ, ਅਖ਼ਰ ਫ਼. ਹੇਠ ਹੇਠ ਲਿਖਿਆ ਅੰਦਰਾਜ ਸੀ : "ਫ਼ੋਗਟ—ਅਗਸਤ 1859 ਵਿੱਚ ਉਹਨੂੰ ਭੇਜੇ ਗਏ... 40,000 ਫ਼ਰਾਂਕ"।

ਅਖ਼ੀਰ 1867 ਵਿੱਚ ਹੈਂਬਰਗ ਵਿਖੇ ਛਪੀ : "ਸਰਮਾਇਆ : ਰਾਜਨੀਤਕ ਅਰਥ-ਸ਼ਾਸਤਰ ਦਾ ਇੱਕ ਪੜਚੋਲੀ ਵਿਸ਼ਲੇਸ਼ਣ", ਸੈਂਚੀ-1, ਮਾਰਕਸ ਦੀ ਮੁੱਖ ਕਿਰਤ, ਜਿਹੜੀ ਉਨ੍ਹਾਂ ਦੇ ਆਰਥਕ-ਸੋਸ਼ਲਿਸਟ ਸੰਕਲਪਾਂ ਦੇ ਅਧਾਰਾਂ ਅਤੇ ਵਿਦਮਾਨ ਸਮਾਜ ਦੇ ਮੁੱਖ ਲੱਛਣਾਂ,

ਉਤਪਾਦਨ ਦੇ ਸਰਮਾਏਦਾਰ ਢੰਗ ਅਤੇ ਇਹਦੇ ਸਿੱਟਿਆਂ ਦੀ ਉਨ੍ਹਾਂ ਦੀ ਪੜਚੋਲ ਦੀ ਵਿਆਖਿਆ ਕਰਦੀ ਹੈ। ਇਸ ਯੁੱਗ-ਪਲਟਾਊ ਕਿਰਤ ਦੀ ਦੂਜੀ ਛਾਪ 1872 ਵਿੱਚ ਨਿਕਲੀ; ਲੇਖਕ ਦੂਜੀ ਸੈਂਚੀ ਵਿਸਥਾਰਨ ਵਿੱਚ ਰੁਝਿਆ ਹੋਇਆ ਹੈ।

ਇਚਰ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿੱਚ ਕਿਰਤੀ ਲਹਿਰਾਂ ਨੇ ਮੁੜ ਕੇ ਇੰਨਾ ਬਲ ਪ੍ਰਾਪਤ ਕਰ ਲਿਆ ਸੀ ਕਿ ਮਾਰਕਸ ਇੱਕ ਚਿਰ-ਸਧਰਾਈ ਇੱਛਾ ਪੂਰੀ ਕਰਨ ਦਾ ਖ਼ਿਆਲ ਕਰ ਸਕਦੇ ਸਨਃ ਕਿਰਤੀਆਂ ਦੀ ਸਭਾ ਸਥਾਪਤ ਕਰਨਾ, ਜਿਸ ਵਿੱਚ ਯੂਰਪ ਅਤੇ ਅਮਰੀਕਾ ਦੇ ਸਭ ਤੋਂ ਉੱਨਤ ਦੇਸ਼ਾਂ ਦੇ ਕਿਰਤੀ ਸ਼ਾਮਲ ਹੋਣ, ਜਿਹੜੀ, ਇਹ ਕਿਹਾ ਜਾ ਸਕਦਾ ਹੈ — ਪ੍ਰੋਲੇਤਾਰੀ ਦਾ ਹੌਸਲਾ ਵਧਾਉਣ ਅਤੇ ਉਹਨੂੰ ਮਜ਼ਬੂਤ ਬਣਾਉਣ ਲਈ, ਇਹਦੇ ਵੈਰੀਆਂ ਦੇ ਦਿਲਾਂ ਵਿੱਚ ਭੈਂ ਭਰਨ ਲਈ — ਖੁਦ ਕਿਰਤੀਆਂ ਅਤੇ ਬੁਰਜੂਆਜ਼ੀ ਅਤੇ ਹਕੂਮਤਾਂ ਲਈ ਸਥੂਲ ਰੂਪ ਵਿੱਚ ਸੋਸ਼ਲਿਸਟ ਲਹਿਰ ਦਾ ਕੌਮਾਂਤਰੀ ਖਾਸਾ ਸਪੱਸ਼ਟ ਕਰ ਦੇਵੇ। 28 ਸਤੰਬਰ 1864 ਨੂੰ ਲੰਦਨ ਦੇ ਸੇਂਟ ਮਾਰਟਨ ਹਾਲ ਵਿੱਚ ਪੋਲੈਂਡ ਦੇ ਹਕ ਵਿੱਚ, ਜਿਸ ਨੂੰ ਰੂਸ ਨੇ ਫਿਰ ਕੁਚਲ ਦਿੱਤਾ ਸੀ, ਹੋਈ ਇੱਕ ਜਨਤਕ ਇਕਤ੍ਰਤਾ ਨੇ ਮਾਮਲਾ ਪੇਸ਼ ਕਰਨ ਲਈ ਅਵਸਰ ਪ੍ਰਾਪਤ ਕੀਤਾ, ਜਿਹੜਾ ਉਤਸ਼ਾਹ ਨਾਲ਼ ਲਿਆ ਗਿਆ। **ਕਿਰਤੀ ਲੋਕਾਂ ਦੀ ਕੌਮਾਂਤਰੀ ਸਭਾ*** ਸਥਾਪਤ ਕੀਤੀ ਗਈ; ਇੱਕ ਆਰਜੀ ਆਮ ਪ੍ਰੀਸ਼ਦ, ਜਿਸ ਦਾ ਸਥਾਨ ਲੰਦਨ ਵਿੱਚ ਸੀ, ਇਕਤ੍ਰਤਾ ਵਿੱਚ ਚੁਣੀ ਗਈ ਅਤੇ ਮਾਰਕਸ ਹੇਗ[21] ਕਾਂਗਰਸ ਤੱਕ ਇਹਦੀਆਂ ਇਸ ਤੋਂ ਪਿੱਛੋਂ ਦੀਆਂ ਸਾਰੀਆਂ ਆਮ ਪ੍ਰੀਸ਼ਦਾਂ ਦੀ ਰੂਹ ਸੀ। ਉਨ੍ਹਾਂ ਨੇ ਉਦਘਾਟਨੀ ਐਲਾਨ, 1864 ਤੋਂ ਲੈ ਕੇ ਫ਼ਰਾਂਸ ਵਿੱਚ ਖ਼ਾਨਾਜੰਗੀ ਬਾਰੇ ਐਲਾਨ, 1871** ਤੱਕ ਇੰਟਰਨੈਸ਼ਨਲ ਦੀ ਆਮ ਪ੍ਰੀਸ਼ਦ ਵੱਲੋਂ ਜਾਰੀ ਕੀਤੀ ਲਗਭਗ ਹਰ ਦਸਤਾਵੇਜ਼ ਦਾ ਖਰੜਾ ਤਿਆਰ ਕੀਤਾ। ਇੰਟਰਨੈਸ਼ਨਲ ਵਿੱਚ ਮਾਰਕਸ ਦੀ ਸਰਗਰਮੀ ਦਾ ਵਰਣਨ ਕਰਨਾ ਇਸ ਸਭਾ ਦਾ ਇਤਿਹਾਸ ਲਿਖਣਾ ਹੈ, ਜਿਹੜੀ ਹਰ ਹਾਲਤ ਵਿੱਚ ਯੂਰਪੀ ਕਿਰਤੀਆਂ ਦੀ ਯਾਦ ਵਿੱਚ ਅਜੇ ਤੱਕ ਜਿਊਂਦੀ ਹੈ।

ਪੈਰਿਸ ਕਮਿਊਨ[22] ਦੇ ਪਤਨ ਨੇ ਇੰਟਰਨੈਸ਼ਨਲ ਨੂੰ ਅਤਿ ਔਖੀ ਪ੍ਰਸਥਿਤੀ ਵਿੱਚ ਪਾ ਦਿੱਤਾ। ਇੱਕ ਅਜਿਹੇ ਛਿਣ ਜਦੋਂ ਇਹ ਹਰ ਥਾਂ ਸਫ਼ਲ ਅਮਲੀ ਕੰਮ ਦੀ ਸੰਭਾਵਨਾ ਤੋਂ ਵਿਰਵੀ ਹੋ ਗਈ ਸੀ ਇਸ ਘਟਨਾ ਨੇ ਇਹਨੂੰ ਯੂਰਪੀ ਇਤਿਹਾਸ ਦੇ ਮੂਹਰੈਲ ਵਿੱਚ ਧਕ ਦਿੱਤਾ। ਜਿਨ੍ਹਾਂ ਘਟਨਾਵਾਂ ਨੇ ਇਹਨੂੰ ਸਤਵੀਂ ਮਹਾਨ ਸ਼ਕਤੀ ਦੀ ਪੁਜ਼ੀਸ਼ਨ ਤੱਕ ਚੁੱਕ ਦਿੱਤਾ ਉਹਨਾਂ ਨਾਲ਼ ਹੀ ਨਾਲ਼ ਅਟੱਲ ਹਾਰ ਅਤੇ ਕਿਰਤੀ ਲਹਿਰਾਂ ਨੂੰ ਦਹਾਕਿਆਂ ਤੱਕ ਪਿੱਛੇ ਧਕ ਦਿੱਤੇ ਜਾਣ ਦਾ ਖ਼ਤਰਾ ਪੈਦਾ ਹੋ ਜਾਣ ਕਾਰਨ ਆਪਣੀਆਂ ਲੜਾਕੂ ਸ਼ਕਤੀਆਂ ਨੂੰ ਲਾਮਬੰਦ ਕਰਨ ਅਤੇ ਉਹਨਾਂ ਨੂੰ ਅਮਲ ਵਿੱਚ ਲਿਆਉਣੋਂ ਰੋਕ ਦਿੱਤਾ। ਇਸ ਤੋਂ ਵੱਧ, ਇੰਟਰਨੈਸ਼ਨਲ

---

* ਇਤਿਹਾਸ ਵਿੱਚ ਇਹ ਪਹਿਲੀ ਇੰਟਰਨੈਸ਼ਨਲ ਦੇ ਨਾਂ ਨਾਲ਼ ਪ੍ਰਸਿੱਧ ਹੈ। **-ਅਨੁ.**

** ਕਾਰਲ ਮਾਰਕਸ, "ਕਿਰਤੀ ਲੋਕਾਂ ਦੀ ਕੌਮਾਂਤਰੀ ਸਭਾ ਦਾ ਉਦਘਾਟਨੀ ਐਲਾਨ" (ਮਾਰਕਸ ਤੇ ਏਂਗਲਜ਼, ਚੋਣਵੀਆਂ ਕਿਰਤਾਂ, ਸੈਂਚੀ ਪਹਿਲੀ, ਪੰਨੇ-377-85, ਅੰਗਰੇਜ਼ੀ ਛਾਪ) ਅਤੇ "ਫ਼ਰਾਂਸ ਦੀ ਘਰੇਲੂ ਜੰਗ" (ਵੇਖੋ ਸੈਂਚੀ-2, ਪੰਨੇ-113-206)। **-ਸੰਪਾ.**

ਦੀ ਪੁਜ਼ੀਸ਼ਨ ਨੂੰ ਸਮਝਦੇ ਹੋਏ ਜਾਂ ਇਹਦੀ ਪਰਵਾਹ ਕੀਤੇ ਬਿਨਾਂ ਵੱਖ-ਵੱਖ ਪਾਸਿਆਂ ਤੋਂ ਅਜਿਹੇ ਅੰਸ਼ ਆਪਣੇ ਆਪ ਨੂੰ ਅੱਗੇ ਵਧਾ ਰਹੇ ਸਨ ਜਿਹੜੇ ਇੰਟਰਨੈਸ਼ਨਲ ਦੀ ਵਧੀ ਸ਼ੋਭਾ ਨੂੰ ਨਿੱਜੀ ਹੰਕਾਰ ਜਾਂ ਨਿੱਜੀ ਲਾਲਸਾ ਦੀ ਤ੍ਰਿਪਤੀ ਲਈ ਵਰਤਣਾ ਚਾਹੁੰਦੇ ਸਨ। ਇੱਕ ਸੂਰਮਾ ਫ਼ੈਸਲਾ ਕਰਨ ਦੀ ਲੋੜ ਸੀ ਅਤੇ ਇੱਕ ਵਾਰ ਫਿਰ ਇਹ ਮਾਰਕਸ ਹੀ ਸਨ ਜਿਨ੍ਹਾਂ ਨੇ ਇਹ ਲਿਆ ਅਤੇ ਹੇਗ ਕਾਂਗਰਸ ਵਿੱਚ ਪ੍ਰਵਾਨ ਕਰਵਾਇਆ। ਇੱਕ ਗੰਭੀਰ ਪ੍ਰਸਤਾਵ ਵਿੱਚ ਇੰਟਰਨੈਸ਼ਨਲ ਨੇ ਬਾਕੂਨਿਨਵਾਦੀਆਂ ਦੀਆਂ ਹਰਕਤਾਂ ਲਈ ਕੁੱਲ ਜ਼ਿੰਮੇਵਾਰੀ ਕਬੂਲ ਕਰਨੋਂ ਇਨਕਾਰ ਕਰ ਦਿੱਤਾ, ਜਿਹੜੇ ਅਯੋਗ ਅਤੇ ਗੰਦੇ ਅੰਸ਼ਾਂ ਦਾ ਕੇਂਦਰ ਬਣਦੇ ਸਨ। ਫਿਰ ਆਮ ਪਿਛਾਖੜ ਦੇ ਸਨਮੁਖ ਉਹ ਵਧੀਆਂ ਮੰਗਾਂ ਪੂਰੀਆਂ ਕਰਨੋਂ ਅਸਮਰਥ ਹੁੰਦੇ ਹੋਏ ਜਿਹੜੀਆਂ ਇਸ ਤੋਂ ਕੀਤੀਆਂ ਜਾ ਰਹੀਆਂ ਸਨ ਅਤੇ ਕੁੱਝ ਅਜਿਹੀਆਂ ਕੁਰਬਾਨੀਆਂ ਕੀਤੇ ਬਿਨਾਂ ਜਿਹੜੀਆਂ ਇਹਦੀ ਜੀਵਨ-ਰਤ ਵਹਾ ਲੈਂਦੀਆਂ, ਆਪਣੀ ਮੁਕੰਮਲ ਕਾਰਗਰਤਾ ਕਾਇਮ ਰੱਖਣ ਦੇ ਅਸਮਰਥ ਰਹਿੰਦੇ ਹੋਏ — ਇਸ ਪ੍ਰਸਥਿਤੀ ਨੂੰ ਮੁਖ ਰੱਖਦੇ ਹੋਏ ਇੰਟਰਨੈਸ਼ਨਲ ਆਮ ਪ੍ਰੀਸ਼ਦ ਅਮਰੀਕਾ ਵਿਖੇ ਤਬਦੀਲ ਕਰਕੇ ਕੁੱਝ ਸਮੇਂ ਲਈ ਪਿੜ ਵਿੱਚੋਂ ਹਟ ਗਈ। ਸਿੱਟਿਆਂ ਨੇ ਸਾਬਤ ਕਰ ਦਿੱਤਾ ਹੈ ਇਹ ਫੈਸਲਾ ਕਿੰਨਾ ਠੀਕ ਸੀ — ਜਿਸ ਦੀ ਉਸ ਸਮੇਂ ਅਤੇ ਉਸ ਸਮੇਂ ਤੋਂ ਪਿੱਛੋਂ ਅਕਸਰ ਨਖੇਧੀ ਕੀਤੀ ਗਈ। ਇੱਕ ਹੱਥ, ਇਹਨੇ ਉਦੋਂ ਅਤੇ ਉਸ ਤੋਂ ਪਿੱਛੋਂ ਇੰਟਰਨੈਸ਼ਨਲ ਦੇ ਨਾਂ ਉੱਤੇ ਵਿਅਰਥ putsches* ਦਾ ਸਾਰੇ ਯਤਨਾਂ ਦਾ ਅੰਤ ਕਰ ਦਿੱਤਾ, ਜਿੱਥੇ ਦੂਜੇ ਹੱਥ, ਵੱਖ-ਵੱਖ ਦੇਸ਼ਾਂ ਦੀਆਂ ਸੋਸ਼ਲਿਸਟ ਕਿਰਤੀ ਪਾਰਟੀਆਂ ਵਿਚਕਾਰ ਲਗਾਤਾਰ ਨੇੜਵੇਂ ਵਰਤੋਂ-ਵਿਹਾਰ ਨੇ ਸਾਬਤ ਕਰ ਦਿੱਤਾ ਕਿ ਸਭਨਾਂ ਦੇਸ਼ਾਂ ਦੇ ਪ੍ਰੋਲੇਤਾਰੀ ਹਿੱਤਾਂ ਦੀ ਇੱਕਤਾ ਦੀ ਚੇਤਨਤਾ ਅਤੇ ਇੱਕਮੁਠਤਾ, ਜਿਹੜੀ ਇੰਟਰਨੈਸ਼ਨਲ ਨੇ ਜਗਾਈ ਸੀ, ਰਸਮੀ ਕੌਮਾਂਤਰੀ ਸਭਾ ਤੋਂ ਬਿਨਾਂ ਵੀ, ਜਿਹੜੀ ਇਸ ਸਮੇਂ ਇੱਕ ਸੰਗਲ ਬਣ ਗਈ ਹੈ, ਆਪਣੇ ਆਪ ਨੂੰ ਜ਼ੋਰ ਨਾਲ਼ ਪ੍ਰਗਟ ਕਰ ਸਕਦੀ ਹੈ।

ਹੇਗ ਕਾਂਗਰਸ ਤੋਂ ਪਿੱਛੋਂ ਮਾਰਕਸ ਨੂੰ ਆਪਣਾ ਸਿਧਾਂਤਕ ਕੰਮ ਮੁੜ ਸ਼ੁਰੂ ਕਰਨ ਲਈ ਅਮਨ ਅਤੇ ਵਿਹਲ ਪ੍ਰਾਪਤ ਹੋਏ ਅਤੇ ਇਹ ਆਸ ਕੀਤੀ ਜਾ ਸਕਦੀ ਸੀ ਕਿ ਬਹੁਤ ਸਮਾਂ ਲੰਘਣ ਤੋਂ ਪਹਿਲਾਂ ਉਹ "ਸਰਮਾਏ" ਦੀ ਦੂਜੀ ਸੈਂਚੀ ਛਪਣ ਲਈ ਤਿਆਰ ਕਰ ਦੇਵੇਗਾ।

ਜਿਨ੍ਹਾਂ ਅਨੇਕ ਲੱਭਤਾਂ ਨੇ ਮਾਰਕਸ ਦਾ ਨਾਂ ਇਤਿਹਾਸ ਦੇ ਪਤਰਿਆਂ 'ਤੇ ਅੰਕਤ ਕਰ ਦਿੱਤਾ, ਅਸੀਂ ਇੱਥੇ ਉਹਨਾਂ ਵਿੱਚ ਦੋ ਨੂੰ ਹੀ ਵਿਸਥਾਰ ਨਾਲ਼ ਲੈ ਸਕਦੇ ਹਾਂ।

ਪਹਿਲੀ ਹੈ ਉਨ੍ਹਾਂ ਵੱਲੋਂ ਸੰਸਾਰ ਇਤਿਹਾਸ ਦੇ ਸਮੁੱਚੇ ਸੰਕਲਪ ਵਿੱਚ ਲਿਆਂਦਾ ਇਨਕਲਾਬ। ਪਹਿਲਾਂ ਦਾ ਇਤਿਹਾਸ ਦਾ ਸਾਰਾ ਵਿਚਾਰ ਇਸ ਸੰਕਲਪ ਉੱਤੇ ਅਧਾਰਤ ਸੀ ਕਿ ਇਤਿਹਾਸਕ ਤਬਦੀਲੀਆਂ ਦੇ ਅੰਤਮ ਕਾਰਨ ਮਨੁੱਖਾਂ ਦੇ ਤਬਦੀਲ ਹੋ ਰਹੇ ਵਿਚਾਰਾਂ ਵਿੱਚ ਲੱਭਣੇ ਚਾਹੀਦੇ ਹਨ ਅਤੇ ਇਹ ਕਿ ਸਭਨਾਂ ਇਤਿਹਾਸਕ ਤਬਦੀਲੀਆਂ ਵਿੱਚੋਂ ਰਾਜਸੀ ਤਬਦੀਲੀਆਂ ਸਭ ਤੋਂ ਵਧ ਮਹੱਤਵਪੂਰਨ ਹਨ ਅਤੇ ਸਮੁੱਚੇ ਇਤਿਹਾਸ 'ਤੇ ਭਾਰੂ ਹਨ। ਪਰ

* ਧਾਵਾ-ਬੋਲ ਕਾਰਵਾਈਆਂ। **-ਅਨੁ.**

ਇਹ ਸਵਾਲ ਕਦੀ ਨਾ ਪੁਛਿਆ ਗਿਆ ਕਿ ਮਨੁੱਖਾਂ ਦੇ ਮਨਾਂ ਵਿੱਚ ਵਿਚਾਰ ਕਿੱਥੋਂ ਆਉਂਦੇ ਹਨ ਅਤੇ ਰਾਜਸੀ ਤਬਦੀਲੀਆਂ ਨੂੰ ਹਰਕਤ ਵਿੱਚ ਲਿਆਉਣ ਵਾਲ਼ੇ ਕਾਰਨ ਕੀ ਹਨ। ਕੇਵਲ ਇਤਿਹਾਸਕਾਰਾਂ ਦੀ ਨਵੇਰੀ ਫ਼ਰਾਂਸੀਸੀ ਅਤੇ ਜੁਜ਼ਵੀ ਤੌਰ 'ਤੇ ਅੰਗਰੇਜ਼ ਪਰਪਾਟੀ ਨੂੰ ਇਹ ਨਿਸ਼ਚਾ ਕਰਨ ਤੇ ਮਜਬੂਰ ਹੋਣਾ ਪਿਆ ਕਿ, ਘੱਟੋ ਘੱਟ ਮੱਧ ਕਾਲ ਤੋਂ, ਯੂਰਪੀ ਇਤਿਹਾਸ ਦੀ ਚਾਲਕ ਸ਼ਕਤੀ ਵਿਕਸਤ ਹੋ ਰਹੀ ਬੁਰਜੂਆਜ਼ੀ ਅਤੇ ਸਾਮੰਤੀ ਅਮੀਰਸ਼ਾਹੀ ਵਿਚਕਾਰ ਸਮਾਜੀ ਅਤੇ ਰਾਜਸੀ ਗਲਬੇ ਲਈ ਘੋਲ਼ ਸੀ। ਹੁਣ ਮਾਰਕਸ ਨੇ ਸਾਬਤ ਕੀਤਾ ਹੈ ਕਿ ਸਾਰਾ ਪਿਛਲਾ ਇਤਿਹਾਸ ਸ਼੍ਰੇਣੀ ਘੋਲ਼ਾਂ ਦਾ ਇਤਿਹਾਸ ਰਿਹਾ ਹੈ, ਕਿ ਸਭਨਾਂ ਬਹੁਪੱਖੀ ਅਤੇ ਗੁੰਝਲਦਾਰ ਰਾਜਸੀ ਘੋਲਾਂ ਵਿੱਚ ਝਗੜਾ ਸਿਰਫ਼ ਸਮਾਜੀ ਸ਼੍ਰੇਣੀਆਂ ਦੇ ਸਮਾਜੀ ਅਤੇ ਰਾਜਸੀ ਘੋਲ ਬਾਰੇ, ਪੁਰਾਣੀਆਂ ਸ਼੍ਰੇਣੀਆਂ ਵੱਲੋਂ ਗ਼ਲਬਾ ਕਾਇਮ ਰੱਖਣ ਅਤੇ ਨਵੀਆਂ ਉੱਭਰ ਰਹੀਆਂ ਸ਼੍ਰੇਣੀਆਂ ਵੱਲੋਂ ਗ਼ਲਬੇ ਦੀ ਜਿੱਤ ਬਾਰੇ ਰਿਹਾ ਹੈ। ਇਹਨਾਂ ਸ਼੍ਰੇਣੀਆਂ ਦੇ ਆਦਿ ਅਤੇ ਉਹਨਾਂ ਦੀ ਲਗਾਤਾਰ ਹੋਂਦ ਦਾ ਕਾਰਨ ਕੀ ਹੈ ? ਇਹਦਾ ਕਾਰਨ ਉਹ ਵਿਸ਼ੇਸ਼ ਪਦਾਰਥਕ, ਸਥੂਲ ਸੁਘੜ ਪ੍ਰਸਥਿਤੀਆਂ ਹਨ ਜਿਨ੍ਹਾਂ ਵਿੱਚ ਸਮਾਜ ਕਿਸੇ ਖਾਸ ਸਮੇਂ ਵਿੱਚ ਉਤਪਾਦਨ ਕਰਦਾ ਹੈ ਅਤੇ ਆਪਣੇ ਨਿਰਬਾਹ ਦੇ ਸਾਧਨਾਂ ਦਾ ਤਬਾਦਲਾ ਕਰਦਾ ਹੈ। ਮੱਧ ਕਾਲ ਦੇ ਸਾਮੰਤੀ ਰਾਜ ਦਾ ਅਧਾਰ ਨਿੱਕੇ ਕਿਸਾਨ ਭਾਈਚਾਰਿਆਂ ਦੀ ਸਵੈ-ਸੰਪਨ ਆਰਥਕਤਾ ਸੀ, ਜਿਹੜੇ ਆਪ ਲਗਭਗ ਆਪਣੀਆਂ ਸਭ ਲੋੜਾਂ ਪੂਰੀਆਂ ਕਰਦੇ ਸਨ, ਜਿਨ੍ਹਾਂ ਵਿੱਚ ਲਗਭਗ ਕੋਈ ਤਬਾਦਲਾ ਨਹੀਂ ਸੀ ਹੁੰਦਾ, ਅਤੇ ਜਿਨ੍ਹਾਂ ਨੂੰ ਹਥਿਆਰਬੰਦ ਰਾਠਸ਼ਾਹੀ ਤੋਂ ਬਾਹਰੋਂ ਹਮਲੇ ਤੋਂ ਰਖਿਆ ਅਤੇ ਕੌਮੀ ਜਾਂ ਘੱਟੋ ਘੱਟ ਰਾਜਸੀ ਜੁੜਤ ਪ੍ਰਾਪਤ ਹੁੰਦੀ। ਜਦੋਂ ਸ਼ਹਿਰ ਉਭਰੇ ਅਤੇ ਉਹਨਾਂ ਦੇ ਨਾਲ਼ ਨਾਲ਼ ਵੱਖ-ਵੱਖ ਦਸਤਕਾਰੀ ਸਨਅਤਾਂ ਅਤੇ ਪਹਿਲਾਂ ਦੇਸ਼ ਅੰਦਰ ਅਤੇ ਫਿਰ ਕੌਮਾਂਤਰੀ ਸਨਅਤੀ ਲੈਣ ਦੇਣ ਹੋਂਦ ਵਿੱਚ ਆਇਆ, ਸ਼ਹਿਰੀ ਬੁਰਜੂਆਜ਼ੀ ਵਿਕਸਤ ਹੋਈ ਅਤੇ ਰਾਠਸ਼ਾਹੀ ਨਾਲ਼ ਆਪਣੇ ਘੋਲ਼ ਰਾਹੀਂ, ਮੱਧਕਾਲ ਵਿੱਚ ਹੀ ਉਹਦੇ ਵਾਂਗ ਹੀ ਇੱਕ ਵਿਸ਼ੇਸ਼ ਅਧਿਕਾਰਾਂ ਵਾਲ਼ੇ ਵਰਗ ਵਜੋਂ ਸਾਮੰਤੀ ਬਣਤਰ ਵਿੱਚ ਆਪਣੀ ਸ਼ਮੂਲੀ ਪ੍ਰਾਪਤ ਕਰ ਲਈ। ਪਰ ਯੂਰਪ ਤੋਂ ਬਾਹਰਲੇ ਸੰਸਾਰ ਦੀ ਲਭਤ ਨਾਲ਼, ਪੰਦਰ੍ਹਵੀਂ ਸਦੀ ਦੇ ਮੱਧ ਤੋਂ ਲੈ ਕੇ, ਇਸ ਬੁਰਜੂਆਜ਼ੀ ਨੂੰ ਵਪਾਰ ਲਈ ਕਿਤੇ ਵਧੇਰੇ ਵਿਸ਼ਾਲ ਖੇਤਰ ਅਤੇ ਇਹਦੇ ਨਾਲ਼ ਹੀ ਆਪਣੀ ਸਨਅਤ ਲਈ ਇੱਕ ਨਵਾਂ ਅਡੀ-ਕਾਂਟਾ ਪ੍ਰਾਪਤ ਹੋ ਗਿਆ; ਸਭ ਤੋਂ ਵਧ ਮਹੱਤਵਪੂਰਨ ਖੇਤਰਾਂ ਵਿੱਚ ਦਸਤਕਾਰੀ ਦੀ ਥਾਂ ਕਾਰਖਾਨੇਦਾਰੀ ਨੇ ਲੈ ਲਈ, ਜਿਹੜੀ ਹੁਣ ਕਾਰਖਾਨੇ ਦੀ ਪੱਧਰ 'ਤੇ ਹੁੰਦੀ ਸੀ ਅਤੇ ਫਿਰ ਇਹਦੀ ਥਾਂ ਵੱਡ-ਪੱਧਰੀ ਸਨਅਤ ਨੇ ਲੈ ਲਈ, ਜਿਹੜੀ ਪਿਛਲੀ ਸਦੀ ਦੀਆਂ ਕਾਢਾਂ, ਵਿਸ਼ੇਸ਼ ਤੌਰ 'ਤੇ ਭਾਫ਼ ਨਾਲ਼ ਚਲਣ ਵਾਲ਼ੇ ਇੰਜਣ ਨੇ ਸੰਭਵ ਬਣਾਈ। ਆਪਣੀ ਵਾਰੀ ਵੱਡ-ਪੱਧਰੀ ਸਨਅਤ ਨੇ ਪਛੜੇ ਦੇਸ਼ਾਂ ਵਿੱਚ ਪੁਰਾਣੀ ਹੱਥਾਂ ਦੀ ਕਿਰਤ ਨੂੰ ਮੈਦਾਨੋਂ ਕੱਢ ਕੇ ਵਪਾਰ 'ਤੇ ਪ੍ਰਤੀਕਰਮ ਕੀਤਾ ਅਤੇ ਸੰਚਾਰ ਦੇ ਅਜੋਕੇ ਨਵੇਂ ਸਾਧਨ ਸਿਰਜੇ : ਭਾਫ ਨਾਲ਼ ਚੱਲਣ ਵਾਲੇ ਇੰਜਣ, ਰੇਲਾਂ, ਬਿਜਲੀ ਦੀ ਤਾਰ, ਘੱਟੋ ਘੱਟ ਵਧੇਰੇ ਵਿਕਸਤ ਦੇਸ਼ਾਂ ਵਿੱਚ। ਇਉਂ ਬੁਰਜੂਆਜ਼ੀ ਸਦਾ ਵਧੇਰੇ ਸਮਾਜੀ ਦੌਲਤ ਅਤੇ ਸਮਾਜੀ ਸ਼ਕਤੀ ਆਪਣੇ ਹੱਥਾਂ ਵਿੱਚ ਕੇਂਦਰਤ ਕਰਦੀ ਗਈ, ਜਿੱਥੇ ਕਿ ਇਹ ਅਜੇ ਵੀ ਲੰਮੇ ਸਮੇਂ ਤੱਕ

ਰਾਜਸੀ ਸੱਤ੍ਹਾ ਤੋਂ ਅੱਡ ਰੱਖੀ ਗਈ, ਜਿਹੜੀ ਰਾਠਸ਼ਾਹੀ ਅਤੇ ਰਾਠਸ਼ਾਹੀ ਦੀ ਹਮਾਇਤ ਵਾਲ਼ੀ ਬਾਦਸ਼ਾਹੀ ਦੇ ਹੱਥਾਂ ਵਿੱਚ ਸੀ। ਪਰ ਇੱਕ ਖਾਸ ਪੜਾਅ ਉੱਤੇ — ਫ਼ਰਾਂਸ ਵਿੱਚ ਮਹਾਨ ਇਨਕਲਾਬ ਦੇ ਸਮੇਂ ਤੋਂ — ਇਹਨੇ ਰਾਜਸੀ ਸੱਤ੍ਹਾ ਵੀ ਜਿੱਤ ਲਈ ਅਤੇ ਹੁਣ ਆਪਣੀ ਵਾਰੀ ਪ੍ਰੋਲੇਤਾਰੀ ਅਤੇ ਨਿੱਕੇ ਕਿਸਾਨਾਂ ਉੱਤੇ ਹਕੂਮਤ ਕਰਨ ਵਾਲ਼ੀ ਸ਼੍ਰੇਣੀ ਬਣ ਗਈ। ਇਸ ਦ੍ਰਿਸ਼ਟੀਕੋਣ ਤੋਂ ਸਾਰੇ ਇਤਿਹਾਸਕ ਵਰਤਾਰਿਆਂ ਦੀ ਸਾਦੇ ਤੋਂ ਸਾਦੇ ਸੰਭਵ ਢੰਗ ਨਾਲ਼ ਵਿਆਖਿਆ ਕੀਤੀ ਜਾ ਸਕਦੀ ਹੈ — ਸਮਾਜ ਦੀ ਵਿਸ਼ੇਸ਼ ਆਰਥਕ ਪ੍ਰਸਥਿਤੀ ਦੇ ਚੋਖੇ ਗਿਆਨ, ਰਾਹੀਂ, ਜਿਸ ਦੀ, ਇਹ ਸੱਚ ਹੈ, ਸਾਡੇ ਪੈਦਾਵਾਰ ਇਤਿਹਾਸਕਾਰਾਂ ਵਿੱਚ ਉੱਕਾ ਹੀ ਅਣਹੋਂਦ ਹੈ — ਅਤੇ ਇਸੇ ਤਰ੍ਹਾਂ ਹੀ ਹਰ ਇਤਿਹਾਸਕ ਯੁੱਗ ਦੇ ਸੰਕਲਪਾਂ ਅਤੇ ਵਿਚਾਰਾਂ ਦੀ ਬਸ ਜੀਵਨ ਦੀਆਂ ਆਰਥਕ ਪ੍ਰਸਥਿਤੀਆਂ ਰਾਹੀਂ ਅਤੇ ਉਸ ਯੁੱਗ ਦੀਆਂ ਸਮਾਜੀ ਅਤੇ ਰਾਜਸੀ ਪ੍ਰਸਥਿਤੀਆਂ ਰਾਹੀਂ, ਜਿਨ੍ਹਾਂ ਨੂੰ ਆਪਣੀ ਵਾਰੀ ਇਹ ਆਰਥਕ ਪ੍ਰਸਥਿਤੀਆਂ ਮਿਥਦੀਆਂ ਹਨ, ਵਿਆਖਿਆ ਕੀਤੀ ਜਾ ਸਕਦੀ ਹੈ। ਇਤਿਹਾਸ ਨੂੰ ਪਹਿਲੀ ਵਾਰ ਉਹਦੇ ਯਥਾਰਥਕ ਅਧਾਰ ਉੱਤੇ ਖੜ੍ਹਾ ਕੀਤਾ ਗਿਆ; ਇਸ ਸਥੂਲ, ਪਹਿਲਾਂ ਉੱਕਾ ਹੀ ਅੱਖੋਂ ਓਹਲੇ ਕੀਤੇ ਤੱਥ ਉੱਤੇ ਕਿ ਇਸ ਤੋਂ ਪਹਿਲਾਂ ਕਿ ਲੋਕ ਗ਼ਲਬੇ ਲਈ ਲੜਨ, ਰਾਜਨੀਤੀ, ਧਰਮ, ਦਰਸ਼ਨ, ਆਦਿ ਵਿੱਚ ਹਿੱਸਾ ਲੈ ਸਕਣ, ਇਹ ਲਾਜ਼ਮੀ ਹੈ ਕਿ ਉਹ ਖਾਣ, ਪੀਣ, ਉਹਨਾਂ ਕੋਲ ਵਸੇਬੇ ਲਈ ਥਾਂ ਅਤੇ ਕੱਪੜੇ ਹੋਣ ਅਤੇ ਇਸ ਲਈ ਇਹ ਲਾਜ਼ਮੀ ਹੈ ਕਿ ਉਹ **ਕੰਮ ਕਰਨ** — ਇਸ ਸਥੂਲ ਤੱਥ ਨੂੰ ਅਖ਼ੀਰ ਆਪਣੇ ਇਤਿਹਾਸਕ ਹੱਕ ਮਿਲ ਗਏ।

ਪਰ, ਇਤਿਹਾਸ ਦੇ ਇਸ ਨਵੇਂ ਸੰਕਲਪ ਦੀ ਸੋਸ਼ਲਿਸਟ ਦ੍ਰਿਸ਼ਟੀਕੋਣ ਲਈ ਸਰਵਉੱਤਮ ਮਹੱਤਤਾ ਸੀ। ਇਹਨੇ ਵਿਆਖਿਆ ਕੀਤੀ ਕਿ ਪਹਿਲਾਂ ਦਾ ਸਾਰਾ ਇਤਿਹਾਸ ਸ਼੍ਰੇਣੀ ਵਿਰੋਧਾਂ ਅਤੇ ਸ਼੍ਰੇਣੀ ਘੋਲ਼ਾਂ ਵਿੱਚ ਵਾਪਰਿਆਂ ਹੈ, ਕਿ ਹਾਕਮਾਂ ਅਤੇ ਮਹਿਕੂਮਾਂ ਦੀ, ਲੋਟੂ ਅਤੇ ਪਸਿਤੀਆਂ ਸ਼੍ਰੇਣੀਆਂ ਦੀ ਸਦਾ ਹੀ ਹੋਂਦ ਰਹੀ ਹੈ ਅਤੇ ਇਹ ਕਿ ਮਨੁੱਖਜਾਤੀ ਦੀ ਵੱਡੀ ਬਹੁ-ਗਿਣਤੀ ਦੀ ਹੋਣੀ ਸਦਾ ਹੀ ਹੱਡ-ਭੰਨ ਮਿਹਨਤ ਅਤੇ ਬਹੁਤ ਥੋੜ੍ਹਾ ਆਨੰਦ ਰਹੀ ਹੈ ਅਤੇ ਹੈ। ਅਜਿਹਾ ਕਿਉਂ ਹੁੰਦਾ ਹੈ ? ਕੇਵਲ ਇਸ ਲਈ ਕਿ ਮਨੁੱਖਜਾਤੀ ਦੇ ਇਤਿਹਾਸਕ ਵਿਕਾਸ ਦੇ ਪਹਿਲੇਰੇ ਪੜਾਆਂ ਵਿੱਚ ਉਤਪਾਦਨ ਇੰਨਾਂ ਘੱਟ ਵਿਕਸਤ ਸੀ ਕਿ ਇਤਿਹਾਸਕ ਵਿਕਾਸ ਕੇਵਲ ਇਸ ਵਿਰੋਧੀ ਰੂਪ ਵਿੱਚ ਹੀ ਹੋ ਸਕਦਾ ਸੀ, ਕਿ ਸਮੁੱਚੇ ਤੌਰ 'ਤੇ ਇਤਿਹਾਸਕ ਉੱਨਤੀ ਇੱਕ ਨਿੱਕੀ ਵਿਸ਼ੇਸ਼ ਹੱਕਾਂ ਵਾਲ਼ੀ ਘੱਟ-ਗਿਣਤੀ ਦੀ ਸਰਗਰਮੀ ਨੂੰ ਸੌਂਪ ਦਿੱਤੀ ਗਈ, ਜਿੱਥੇ ਕਿ ਬਹੁਤ ਵੱਡੀ ਬਹੁ-ਗਿਣਤੀ ਦੀ ਇਹ ਹੋਣੀ ਸੀ ਕਿ ਉਹ ਆਪਣੀ ਕਿਰਤ ਰਾਹੀਂ ਆਪਣੇ ਨਿਰਬਾਹ ਦੇ ਨਿਗੂਣੇ ਜਿਹੇ ਸਾਧਨ ਪੈਦਾ ਕਰੇ ਅਤੇ ਵਿਸ਼ੇਸ਼ ਅਧਿਕਾਰਾਂ ਵਾਲ਼ਿਆਂ ਦੇ ਸਦਾ ਵਧੇਰੇ ਸ਼ਾਨਦਾਰ ਸਾਧਨ ਵੀ। ਪਰ ਇਤਿਹਾਸ ਦੀ ਇਹੋ ਪੜਤਾਲ਼ ਹੀ, ਜਿਹੜੀ ਪਹਿਲਾਂ ਦੇ ਸ਼੍ਰੇਣੀ ਰਾਜ ਲਈ ਸੁਭਾਵਕ ਅਤੇ ਵਾਜਬ ਵਿਆਖਿਆ ਪੇਸ਼ ਕਰਦੀ ਹੈ, ਜਿਸ ਤੋਂ ਬਿਨਾਂ ਇਹਦਾ ਕਾਰਨ ਕੇਵਲ ਮਨੁੱਖ ਦਾ ਬੁਰਿਆਰ ਖਾਸਾ ਹੀ ਦੱਸਿਆ ਜਾ ਸਕਦਾ ਹੈ, ਇਸ ਗਿਆਨ ਵੱਲ ਵੀ ਲਿਜਾਂਦੀ ਹੈ ਕਿ ਅਜੋਕੇ ਸਮੇਂ ਦੀਆਂ ਇੰਨੀਆਂ ਜ਼ਿਆਦਾ ਵਿਕਸਤ ਉਤਪਾਦਕ ਸ਼ਕਤੀਆਂ ਦੇ ਸਿੱਟੇ ਵਜੋਂ, ਘੱਟੋ ਘੱਟ ਸਭ ਤੋਂ ਵੱਧ ਵਿਕਸਤ ਦੇਸ਼ਾਂ

ਵਿੱਚ, ਮਨੁੱਖਜਾਤੀ ਦੇ ਹਾਕਮਾਂ ਅਤੇ ਮਹਿਕੂਮਾਂ, ਲੋਟੂਆਂ ਅਤੇ ਪਸਿਤੀਆਂ ਵਿਚਕਾਰ ਵੰਡ ਲਈ ਅਖ਼ੀਰੀ ਬਹਾਨਾ ਵੀ ਖ਼ਤਮ ਹੋ ਜਾਂਦਾ ਹੈ; ਕਿ ਹਾਕਮ ਵੱਡੀ ਬੁਰਜੂਆਜ਼ੀ ਨੇ ਆਪਣਾ ਇਤਿਹਾਸਕ ਉਦੇਸ਼ ਪੂਰਾ ਕਰ ਲਿਆ ਹੈ ਅਤੇ ਹੁਣ ਸਮਾਜ ਦੀ ਅਗਵਾਈ ਕਰਨ ਯੋਗ ਨਹੀਂ ਰਹੀ ਅਤੇ ਇੱਥੋਂ ਤੱਕ ਕਿ ਜਿਹਾ ਕਿ ਵਪਾਰ ਦੇ ਸੰਕਟਾਂ, ਵਿਸ਼ੇਸ਼ ਤੌਰ 'ਤੇ ਪਿਛਲੇ ਵੱਡੇ ਨਿਘਾਰ ਅਤੇ ਸਭਨਾਂ ਦੇਸ਼ਾਂ ਵਿੱਚ ਸਨਅਤ ਦੀ ਮੰਦੀ ਹਾਲਤ ਨੇ ਵਿਖਾ ਦਿੱਤਾ ਹੈ, ਇਹ ਉਤਪਾਦਨ ਦੇ ਵਿਕਾਸ ਵਿੱਚ ਇੱਕ ਰੋਕ ਬਣ ਗਈ ਹੈ; ਕਿ ਇਤਿਹਾਸਕ ਅਗਵਾਈ ਹੁਣ ਪ੍ਰੋਲੇਤਾਰੀ ਦੇ ਹੱਥ ਵਿੱਚ ਆ ਗਈ ਹੈ, ਇੱਕ ਅਜਿਹੀ ਸ਼੍ਰੇਣੀ ਜਿਹੜੀ ਸਮਾਜ ਵਿੱਚ ਆਪਣੇ ਸਮੁੱਚੇ ਸਥਾਨ ਕਾਰਨ ਸ਼੍ਰੇਣੀ ਹਕੂਮਤ, ਸਮੁੱਚਾ ਦਾਸਤਾ, ਲੁੱਟ-ਚੋਂਘ ਦਾ ਉੱਕਾ ਹੀ ਅੰਤ ਕਰਕੇ ਆਪਣੇ ਆਪ ਨੂੰ ਆਜ਼ਾਦ ਕਰਵਾ ਸਕਦੀ ਹੈ; ਇਹ ਕਿ ਸਮਾਜੀ ਉਤਪਾਦਕ ਸ਼ਕਤੀਆਂ, ਜਿਹੜੀਆਂ ਬੁਰਜੂਆਜ਼ੀ ਦੇ ਵਸੋਂ ਬਾਹਰੀਆਂ ਹੋ ਗਈਆਂ ਹਨ, ਕੇਵਲ ਇਸ ਗੱਲ ਦੀ ਉਡੀਕ ਕਰ ਰਹੀਆਂ ਹਨ ਕਿ ਇੱਕਮੁੱਠ ਹੋਇਆ ਪ੍ਰੋਲੇਤਾਰੀ ਉਹਨਾਂ ਨੂੰ ਆਪਣੇ ਹੱਥ ਵਿੱਚ ਲੈ ਲਵੇ ਤਾਂ ਜੁ ਅਜਿਹੀ ਪ੍ਰਸਥਿਤੀ ਪੈਦਾ ਕੀਤੀ ਜਾਵੇ ਜਿਸ ਵਿੱਚ ਸਮਾਜ ਦਾ ਹਰ ਜੀਅ ਨਾ ਕੇਵਲ ਸਮਾਜ ਦੌਲਤ ਦੇ ਉਤਪਾਦਨ ਵਿੱਚ ਸਗੋਂ ਵੰਡ ਅਤੇ ਪ੍ਰਬੰਧ ਵਿੱਚ ਵੀ ਹਿੱਸਾ ਲਵੇਗਾ ਅਤੇ ਜਿਹੜੀ ਦੌਲਤ ਸਮਾਜੀ ਉਤਪਾਦਕ ਸ਼ਕਤੀਆਂ ਅਤੇ ਉਹਨਾਂ ਦੀ ਉਪਜ ਨੂੰ ਸਮੁੱਚੇ ਉਤਪਾਦਨ ਦੇ ਪਲਾਨ ਬੱਧ ਅਮਲ ਰਾਹੀਂ ਇਉਂ ਵਧਾਉਂਦੀ ਹੈ ਕਿ ਹਰ ਇੱਕ ਦੀਆਂ ਯੋਗ ਲੋੜਾਂ ਦੀ ਪੂਰਤੀ ਸਦਾ ਵੱਧ ਰਹੀ ਹੱਦ ਤੱਕ ਯਕੀਨੀ ਹੋ ਜਾਵੇਗੀ।

ਮਾਰਕਸ ਦੀ ਦੂਜੀ ਮਹੱਤਵਪੂਰਨ ਲੱਭਤ ਸਰਮਾਏ ਅਤੇ ਕਿਰਤ ਵਿਚਕਾਰ ਸਬੰਧ ਹੈ, ਹੋਰ ਤਰ੍ਹਾਂ ਗੱਲ ਕੀਤਿਆਂ, ਇਹ ਦਰਸਾਉਣਾ ਕਿ ਅਜੋਕੇ ਸਮਾਜ ਵਿੱਚ ਅਤੇ ਉਤਪਾਦਨ ਦੇ ਵਿਦਮਾਨ ਸਰਮਾਏਦਾਰ ਢੰਗ ਅਧੀਨ ਸਰਮਾਏਦਾਰ ਵੱਲੋਂ ਕਿਰਤੀ ਦੀ ਲੁੱਟ-ਚੋਂਘ ਕਿਵੇਂ ਹੁੰਦੀ ਹੈ। ਜਦੋਂ ਤੋਂ ਰਾਜਨੀਤਕ ਆਰਥਕਤਾ ਨੇ ਇਹ ਪ੍ਰਸਤਾਵਨਾ ਪੇਸ਼ ਕੀਤੀ ਹੈ ਕਿ ਕਿਰਤ ਕੁੱਲ ਦੌਲਤ ਅਤੇ ਕੁੱਲ ਕਦਰ ਦਾ ਸੋਮਾ ਹੈ, ਇਹ ਪ੍ਰਸ਼ਨ ਅਟੱਲ ਹੋ ਗਿਆ ਹੈ : ਅਜਿਹਾ ਕਿਵੇਂ ਹੁੰਦਾ ਹੈ ਕਿ ਉਜਰਤੀ-ਕਿਰਤੀ ਨੂੰ ਉਹਦੀ ਕਿਰਤ ਹੱਥੀਂ ਸਿਰਜੀ ਕਦਰ ਦੀ ਪੂਰੀ ਮਾਤਰਾ ਨਹੀਂ ਮਿਲਦੀ ਸਗੋਂ ਉਹਨੂੰ ਇਹਦਾ ਇੱਕ ਹਿੱਸਾ ਸਰਮਾਏਦਾਰ ਦੇ ਹਵਾਲੇ ਕਰਨਾ ਪੈਂਦਾ ਹੈ ? ਬੁਰਜੂਆ ਅਰਥ-ਵਿਗਿਆਨੀਆਂ ਅਤੇ ਸੋਸ਼ਲਿਸਟਾਂ ਦੁਹਾਂ ਨੇ ਇਸ ਪ੍ਰਸ਼ਨ ਦਾ ਵਿਗਿਆਨਕ ਤੌਰ 'ਤੇ ਠੀਕ ਉੱਤਰ ਦੇਣ ਦਾ ਯਤਨ ਕੀਤਾ, ਪਰ ਵਿਅਰਥ, ਇੱਥੋਂ ਤੱਕ ਕਿ ਅਖ਼ੀਰ ਮਾਰਕਸ ਹੱਲ ਲੈ ਕੇ ਸਾਹਮਣੇ ਆਏ। ਇਹ ਹੱਲ ਇਉਂ ਹੈ : ਅਜੋਕਾ ਉਤਪਾਦਨ ਦਾ ਸਰਮਾਏਦਾਰ ਢੰਗ ਪਹਿਲਾਂ ਹੀ ਦੋ ਸਮਾਜੀ ਸ਼੍ਰੇਣੀਆਂ ਦੀ ਹੋਂਦ ਮਿਥ ਲੈਂਦਾ ਹੈ — ਇੱਕ ਹੱਥ ਸਰਮਾਏਦਾਰਾਂ ਦੀ, ਜਿਹੜੇ ਉਤਪਾਦਨ ਅਤੇ ਨਿਰਬਾਹ ਦੇ ਸਭਨਾਂ ਸਾਧਨਾਂ ਦੇ ਮਾਲਕ ਹਨ ਅਤੇ ਦੂਜੇ ਹੱਥ, ਪ੍ਰੋਲੇਤਾਰੀ ਦੀ, ਜਿਨ੍ਹਾਂ ਕੋਲ, ਇਸ ਮਾਲਕੀ ਤੋਂ ਵਿਰਵੇ ਹੋਣ ਕਾਰਨ, ਵਿਕਰੀ ਲਈ ਇੱਕੋ ਇੱਕ ਜਿਣਸ ਹੈ, ਉਹਨਾਂ ਦੀ ਕਿਰਤ-ਸ਼ਕਤੀ, ਅਤੇ ਜਿਨ੍ਹਾਂ ਨੂੰ ਇਸੇ ਲਈ ਨਿਰਬਾਹ ਦੇ ਸਾਧਨ ਪ੍ਰਾਪਤ ਕਰਨ ਲਈ ਆਪਣੀ ਇਹ ਕਿਰਤ ਸ਼ਕਤੀ ਵੇਚਣੀ ਪੈਂਦੀ ਹੈ। ਪਰ ਇਸ ਜਿਣਸ ਦੀ ਕਦਰ ਇਹਦੇ ਉਤਪਾਦਨ ਵਿੱਚ ਲੱਗੀ ਸਮਾਜੀ ਤੌਰ 'ਤੇ ਲੋੜੀਂਦੀ

ਕਿਰਤ ਦੀ ਮਾਤਰਾ ਰਾਹੀਂ ਅਤੇ ਇਸੇ ਲਈ, ਇਹਦੇ ਮੁੜ ਉਤਪਾਦਨ ਉੱਤੇ ਲਗੀ ਮਾਤਰਾ ਰਾਹੀਂ ਮਿਥੀ ਜਾਂਦੀ ਹੈ; ਇਸ ਲਈ ਇੱਕ ਔਸਤ ਮਨੁੱਖ ਦੀ ਇੱਕ ਦਿਨ, ਮਹੀਨੇ ਜਾਂ ਵਰ੍ਹੇ ਲਈ ਕਿਰਤ ਸ਼ਕਤੀ ਦੀ ਕਦਰ ਉਸ ਕਿਰਤ ਸ਼ਕਤੀ ਦੇ ਇੱਕ ਦਿਨ, ਮਹੀਨੇ ਜਾਂ ਵਰ੍ਹੇ ਲਈ ਨਿਰਬਾਹ ਲਈ ਲੋੜੀਂਦੀ ਕਿਰਤ ਰਾਹੀਂ ਮਿਥੀ ਜਾਂਦੀ ਹੈ। ਆਓ ਅਸੀਂ ਫਰਜ਼ ਕਰ ਲਈਏ ਕਿ ਇੱਕ ਦਿਨ ਲਈ ਇੱਕ ਕਿਰਤੀ ਦੇ ਨਿਰਬਾਹ ਦੇ ਸਾਧਨਾਂ ਦੇ ਉਤਪਾਦਨ ਲਈ ਛੇ ਘੰਟੇ ਦੀ ਕਿਰਤ ਦੀ ਲੋੜ ਹੈ, ਜਾਂ, ਜਿਹੜੀ ਓਹੋ ਗੱਲ ਹੈ, ਉਹਨਾਂ ਵਿੱਚ ਸ਼ਾਮਲ ਕਿਰਤ ਛੇ ਘੰਟਿਆਂ ਦੀ ਕਿਰਤ ਦੀ ਮਾਤਰਾ ਦੀ ਪ੍ਰਤੀਨਿਧਤਾ ਕਰਦੀ ਹੈ; ਤਾਂ ਇੱਕ ਦਿਨ ਲਈ ਕਿਰਤ ਸ਼ਕਤੀ ਦੀ ਕਦਰ ਮੁਦਰਾ ਦੀ ਉਸ ਰਕਮ ਵਿੱਚ ਦਸੀ ਜਾਵੇਗੀ ਜਿਸ ਵਿੱਚ ਵੀ ਛੇ ਘੰਟਿਆਂ ਦੀ ਕਿਰਤ ਸ਼ਾਮਲ ਹੈ। ਆਓ ਅਸੀਂ ਫਰਜ਼ ਕਰੀਏ ਕਿ ਸਰਮਾਏਦਾਰ ਜਿਹੜਾ ਸਾਡੇ ਕਿਰਤੀ ਨੂੰ ਮੁਲਾਜ਼ਮ ਰੱਖਦਾ ਹੈ ਉਹਨੂੰ ਬਦਲੇ ਵਿੱਚ ਇਹ ਰਕਮ ਦੇ ਦੇਂਦਾ ਹੈ। ਇਸ ਲਈ ਉਹਦੀ ਕਿਰਤ ਸ਼ਕਤੀ ਦੀ ਪੂਰੀ ਕਦਰ ਦੇ ਦੇਂਦਾ ਹੈ। ਹੁਣ ਜੇ ਕਿਰਤੀ ਸਰਮਾਏਦਾਰ ਲਈ ਦਿਨ ਵਿੱਚ ਛੇ ਘੰਟੇ ਕੰਮ ਕਰਦਾ ਹੈ ਤਾਂ ਉਹਨੇ ਉਹ ਦਾ ਖ਼ਰਚਾ ਪੂਰੀ ਤਰ੍ਹਾਂ ਚੁੱਕਾ ਦਿੱਤਾ ਹੈ — ਛੇ ਘੰਟਿਆਂ ਦੀ ਕਿਰਤ ਬਦਲੇ ਛੇ ਘੰਟਿਆਂ ਦੀ ਕਿਰਤ। ਪਰ ਤਾਂ ਸਰਮਾਏਦਾਰ ਲਈ ਇਹਦੇ ਵਿੱਚ ਕੁੱਝ ਨਹੀਂ ਹੋਵੇਗਾ ਅਤੇ ਇਸ ਲਈ ਉਹ ਮਾਮਲੇ ਨੂੰ ਵੱਖਰੀ ਤਰ੍ਹਾਂ ਵਿਚਾਰਦਾ ਹੈ। ਉਹ ਕਹਿੰਦਾ ਹੈ: ਮੈਂ ਇਸ ਕਿਰਤੀ ਦੀ ਕਿਰਤ ਸ਼ਕਤੀ ਛੇ ਘੰਟਿਆਂ ਲਈ ਨਹੀਂ ਸਗੋਂ ਸਾਰੇ ਦਿਨ ਲਈ ਖ਼ਰੀਦੀ ਹੈ ਅਤੇ ਇਸੇ ਅਨੁਸਾਰ ਉਹ, ਪ੍ਰਸਥਿਤੀਆਂ ਅਨੁਸਾਰ ਕਿਰਤੀ ਤੋਂ ਅੱਠ, ਦਸ, ਬਾਰ੍ਹਾਂ, ਚੌਦਾਂ ਜਾਂ ਵਧੇਰੇ ਘੰਟੇ ਕੰਮ ਲੈਂਦਾ ਹੈ, ਸੋ ਸਤਵੇਂ, ਅੱਠਵੇਂ ਅਤੇ ਉਸ ਤੋਂ ਪਿੱਛੋਂ ਦੇ ਘੰਟਿਆਂ ਦੀ ਕਿਰਤ ਉਜਰਤ ਤੋਂ ਬਿਨਾਂ ਕਿਰਤ ਹੈ ਅਤੇ ਸ਼ੁਰੂ ਸ਼ੁਰੂ ਵਿੱਚ ਸਰਮਾਏਦਾਰ ਦੀ ਜੇਬ ਵਿੱਚ ਚਲੀ ਜਾਂਦੀ ਹੈ। ਇਉਂ ਸਰਮਾਏਦਾਰ ਦੀ ਮੁਲਾਜ਼ਮਤ ਕਰਦਾ ਕਿਰਤੀ ਨਾ ਕੇਵਲ ਆਪਣੀ ਕਿਰਤ ਸ਼ਕਤੀ ਦੀ ਕਦਰ ਹੀ ਮੁੜ ਪੈਦਾ ਕਰਦਾ ਹੈ ਸਗੋਂ ਉਸ ਤੋਂ ਵੱਧ ਉਹ **ਵਾਧੂ ਕਦਰ** ਵੀ ਪੈਦਾ ਕਰਦਾ ਹੈ ਜਿਹੜੀ, ਪਹਿਲੀ ਥਾਵੇਂ ਸਰਮਾਏਦਾਰ ਵੱਲੋਂ ਹੜਪੀ, ਹੋਰ ਅੱਗੇ ਜਾ ਕੇ ਸਪੱਸ਼ਟ ਆਰਥਕ ਕਾਨੂੰਨਾਂ ਅਨੁਸਾਰ ਸਾਰੀ ਸਰਮਾਏਦਾਰ ਸ਼੍ਰੇਣੀ ਵਿੱਚ ਵੰਡੀ ਜਾਂਦੀ ਹੈ ਅਤੇ ਉਹ ਬੁਨਿਆਦੀ ਵੱਖਰ ਬਣਦੀ ਹੈ ਜਿਸ ਵਿੱਚੋਂ ਜ਼ਮੀਨ ਦੇ ਪੱਟੇ ਦੀ ਰਕਮ, ਨਫ਼ਾ, ਸਰਮਾਏ ਦਾ ਸੰਚੀਣ, ਮੁਕਦੀ ਗੱਲ, ਕਿਰਤ ਨਾ ਕਰਨ ਵਾਲ਼ੀਆਂ ਸ਼੍ਰੇਣੀਆਂ ਵੱਲੋਂ ਭੋਗੀ ਜਾਂ ਸੰਚਤ ਕੀਤੀ ਸਾਰੀ ਦੌਲਤ ਪੈਦਾ ਹੁੰਦੀ ਹੈ। ਪਰ ਇਹਨੇ ਇਹ ਸਾਬਤ ਕੀਤਾ ਕਿ ਅਜੋਕੀ ਸਰਮਾਏਦਾਰ ਸ਼੍ਰੇਣੀ ਵੱਲੋਂ ਧਨ ਪ੍ਰਾਪਤੀ ਉਸੇ ਤਰ੍ਹਾਂ ਹੀ ਹੋਰਨਾਂ ਦੀ ਅਦਾਇਗੀ ਤੋਂ ਬਿਨਾਂ ਕਿਰਤ ਹੜਪਣਾ ਹੈ ਜਿਵੇਂ ਗ਼ੁਲਾਮਾਂ ਦੀ ਮਾਲਕਾਂ ਜਾਂ ਸਾਮੰਤੀ ਪ੍ਰਭੂ ਵੱਲੋਂ ਖੇਤ-ਗ਼ੁਲਾਮ ਦੀ ਕਿਰਤ ਦੀ ਲੁੱਟ-ਚੋਂਘ ਹੁੰਦੀ ਸੀ ਅਤੇ ਇਹ ਕਿ ਲੁੱਟ-ਚੋਂਘ ਦੇ ਇਹਨਾਂ ਸਾਰੇ ਰੂਪਾਂ ਵਿੱਚ ਫ਼ਰਕ ਕੇਵਲ ਉਹਨਾਂ ਢੰਗਾਂ ਅਤੇ ਤਰੀਕਿਆਂ ਦਾ ਹੈ, ਜਿਨ੍ਹਾਂ ਰਾਹੀਂ ਕਿਰਤ ਹੜਪੀ ਜਾਂਦੀ ਹੈ। ਪਰ ਇਸ ਗੱਲ ਨੇ ਮਾਲਕ ਸ਼੍ਰੇਣੀਆਂ ਦੀਆਂ ਇਸ ਬਾਰੇ ਸਭ ਮੋਮੋਠਗਣੀਆਂ ਗੱਲਾਂ ਲਈ ਅਖ਼ੀਰੀ ਦਲੀਲ ਵੀ ਖ਼ਤਮ ਕਰ ਦਿੱਤੀ ਕਿ ਅਜੋਕੀ ਸਮਾਜੀ ਬਣਤਰ ਵਿੱਚ ਹੱਕ ਅਤੇ ਇਨਸਾਫ਼, ਹੱਕਾਂ ਅਤੇ ਫ਼ਰਜ਼ਾਂ ਦੀ ਬਰਾਬਰੀ ਅਤੇ ਇਹ ਆਮ ਇਕਸੁਰਤਾ ਦਾ ਦੌਰ-ਦੌਰਾ ਹੈ ਅਤੇ ਇਸ ਤੋਂ ਪਹਿਲਿਆਂ

ਵਾਂਗ ਹੀ ਅਜੋਕੇ ਸਮਾਜ ਦਾ ਵੀ ਇੱਕ ਨਿੱਕੀ, ਸਦਾ ਘੱਟ ਰਹੀ ਘੱਟ-ਗਿਣਤੀ ਵੱਲੋਂ ਲੋਕਾਂ ਦੀ ਬਹੁਤ ਵੱਡੀ ਬਹੁ-ਗਿਣਤੀ ਦੀ ਲੁੱਟ-ਚੋਂਘ ਕਰਨ ਵਾਲ਼ੀ ਧੜਵੈਲ ਸੰਸਥਾ ਵਜੋਂ ਪਰਦਾ ਉਘੇੜ ਦਿੱਤਾ ਗਿਆ।

ਨਵੀਨ, ਵਿਗਿਆਨਕ ਸੋਸ਼ਲਿਜ਼ਮ ਇਹਨਾਂ ਦੋ ਮਹੱਤਵਪੂਰਨ ਤੱਥਾਂ ਉੱਤੇ ਅਧਾਰਤ ਹੈ। "ਸਰਮਾਏ" ਦੀ ਦੂਜੀ ਸੈਂਚੀ ਵਿੱਚ ਸਮਾਜ ਦੀ ਸਰਮਾਏਦਾਰ ਪ੍ਰਣਾਲੀ ਬਾਰੇ ਇਹ ਅਤੇ ਹੋਰ ਵਿਗਿਆਨਕ ਲੱਭਤਾਂ ਦਾ, ਜਿਹੜੀਆਂ ਕੁੱਝ ਘੱਟ ਮਹੱਤਵਪੂਰਨ ਉੱਕਾ ਹੀ ਨਹੀਂ, ਵਿਕਸਤ ਕੀਤੀਆਂ ਜਾਣਗੀਆਂ ਅਤੇ ਇਉਂ ਰਾਜਨੀਤਕ ਆਰਥਕਤਾ ਦੇ ਉਹਨਾਂ ਪੱਖਾਂ ਵਿੱਚ, ਜਿਨ੍ਹਾਂ ਨੂੰ ਪਹਿਲੀ ਸੈਂਚੀ ਵਿੱਚ ਨਹੀਂ ਲਿਆ ਗਿਆ, ਇਨਕਲਾਬ ਲਿਆ ਦਿੱਤਾ ਜਾਵੇਗਾ। ਸ਼ਾਲਾ, ਮਾਰਕਸ ਇਸ ਯੋਗ ਹੋਣ ਕਿ ਉਹ ਇਹਨੂੰ ਛੇਤੀ ਹੀ ਛਪਣ ਲਈ ਤਿਆਰ ਕਰ ਸਕਣ।

ਜੂਨ 1877 ਦੇ ਮੱਧ ਵਿੱਚ ਏਂਗਲਜ਼
ਵੱਲੋਂ ਲਿਖਿਆ ਗਿਆ।

1878 ਵਿੱਚ ਬਰੁਨਜ਼ਵਿਕ ਵਿਖੇ ਛਪੀ
ਜੰਤਰੀ "Volkskalender" ਵਿੱਚ ਛਪਿਆ।

## ਟਿੱਪਣੀਆਂ

1. "Rheinische Zeitung f¸r Politik, Handel und Gewerbe" ("ਰਾਜਨੀਤੀ, ਵਪਾਰ ਅਤੇ ਸਨਅਤ ਦੇ ਸਵਾਲਾਂ ਬਾਰੇ ਰ੍ਹਾਈਨੀ ਅਖ਼ਬਾਰ") — 1 ਜਨਵਰੀ 1842 ਤੋਂ 31 ਮਾਰਚ 1843 ਤੱਕ ਕੋਲੋਨ ਤੋਂ ਪ੍ਰਕਾਸ਼ਤ ਹੋਣ ਵਾਲ਼ਾ ਦੈਨਕ-ਪੱਤਰ। ਅਪ੍ਰੈਲ 1842 ਤੋਂ ਮਾਰਕਸ ਇਸ ਅਖ਼ਬਾਰ ਲਈ ਲਿਖਦੇ ਰਹੇ ਸਨ ਅਤੇ ਇਸੇ ਸਾਲ ਅਕਤੂਬਰ ਵਿੱਚ ਉਹ ਇਹ ਦਾ ਇੱਕ ਸੰਪਾਦਕ ਬਣ ਗਿਏ।

2. "K^lnische Zeitung" (ਕੋਲੋਨ ਦਾ ਅਖ਼ਬਾਰ) — ਜਰਮਨ ਰੋਜ਼ਾਨਾ ਅਖ਼ਬਾਰ ਜਿਸ ਦਾ ਪ੍ਰਕਾਸ਼ਨ 1802 ਵਿੱਚ ਕੋਲੋਨ ਤੋਂ ਸ਼ੁਰੂ ਹੋਇਆ ਸੀ; 1848-49 ਦੇ ਇਨਕਲਾਬ ਅਤੇ ਇਸ ਤੋਂ ਮਗਰਲੇ ਪਿਛਾਖੜ ਦੇ ਦੌਰ ਵਿੱਚ, ਅਖ਼ਬਾਰ ਨੇ ਪਰੂਸ਼ੀਆ ਦੀ ਉਦਾਰ ਬੁਰਜੂਆਜ਼ੀ ਦੀ ਕਾਇਰਾਂ ਵਾਲ਼ੀ ਅਤੇ ਵਿਸਾਹਘਾਤੀ ਨੀਤੀ ਨੂੰ ਪ੍ਰਤੀਬਿੰਬਤ ਕੀਤਾ; 19ਵੀਂ ਸਦੀ ਦੇ ਅਖ਼ੀਰ ਇਹ ਨੈਸ਼ਨਲ-ਲਿਬਰਲ ਪਾਰਟੀ ਨਾਲ਼ ਸਬੰਧਤ ਸੀ।

3. "Deutsche-Franz¸sische Jahrb¸cher" (ਜਰਮਨ-ਫ਼ਰਾਂਸੀਸੀ ਸਾਲਵਾਰ) — ਪੈਰਿਸ ਵਿੱਚ ਜਰਮਨ ਭਾਸ਼ਾ ਵਿੱਚ ਛਾਪਿਆ ਗਿਆ ਸੀ, ਕਾਰਲ ਮਾਰਕਸ ਅਤੇ ਆਰਨੋਲਦ ਰੂਗੇ ਇਹਦੇ ਸੰਪਾਦਕ ਸਨ। ਇਹਦਾ ਕੇਵਲ ਇੱਕ ਹੀ, ਦੋਹਰਾ ਅੰਕ, ਫ਼ਰਵਰੀ 1844 ਵਿੱਚ ਪ੍ਰਕਾਸ਼ਤ ਹੋਇਆ। ਇਸ ਵਿੱਚ ਮਾਰਕਸ ਤੇ ਏਂਗਲਜ਼ ਦੀਆਂ ਰਚਨਾਵਾਂ ਛਪੀਆਂ ਜਿਹੜੀਆਂ ਮਾਰਕਸ ਅਤੇ ਏਂਗਲਜ਼ ਦੀ ਪਦਾਰਥਵਾਦ ਅਤੇ ਕਮਿਊਨਿਜ਼ਮ ਦੇ ਦ੍ਰਿਸ਼ਟੀਕੋਣ ਵੱਲ ਅੰਤਮ ਤਬਦੀਲੀ ਦੀਆਂ ਸੂਚਿਕ ਸਨ। ਮਾਰਕਸ ਅਤੇ ਬੁਰਜੂਆ ਗਰਮ-ਖ਼ਿਆਲ ਰੂਗੇ ਵਿਚਕਾਰ ਰਾਵਾਂ ਦੇ ਮਤਭੇਦ ਦੇ ਸਿੱਟੇ ਵਜੋਂ ਹੀ

ਮੁਖ ਕਰਕੇ ਇਸ ਪੱਤਰ ਦਾ ਪ੍ਰਕਾਸ਼ਨ ਬੰਦ ਹੋ ਗਿਆ।

4. ਮਾਰਕਸ ਨੂੰ ਫ਼ਰਾਂਸ ਵਿੱਚੋਂ ਬਾਹਰ ਕਰਨ ਦਾ ਹੁਕਮ ਫ਼ਰਾਂਸ ਦੀ ਸਰਕਾਰ ਨੇ ਪਰੂਸ਼ੀਆ ਦੀ ਸਰਕਾਰ ਦੇ ਦਬਾ ਹੇਠ 16 ਜਨਵਰੀ, 1845 ਨੂੰ ਜਾਰੀ ਕੀਤਾ ਸੀ।

5. **ਜਰਮਨ ਕਿਰਤੀ ਸਭਾ** ਦੀ ਬੁਨਿਆਦ ਮਾਰਕਸ ਅਤੇ ਏਂਗਲਜ਼ ਨੇ ਅਗਸਤ 1847 ਵਿੱਚ ਰੱਖੀ ਸੀ ਜਿਸ ਦਾ ਆਸ਼ਾ ਬੈਲਜੀਅਮ ਵਿੱਚ ਵਸਦੇ ਜਰਮਨ ਕਿਰਤੀਆਂ ਦੀ ਰਾਜਨੀਤਕ ਪ੍ਰਬੁਧਤਾ ਵਿੱਚ ਵਾਧਾ ਕਰਨਾ ਅਤੇ ਉਹਨਾਂ ਵਿੱਚ ਵਿਗਿਆਨਕ ਕਮਿਊਨਿਜ਼ਮ ਦੇ ਵਿਚਾਰਾਂ ਦਾ ਪ੍ਰਚਾਰ ਕਰਨਾ ਸੀ। ਮਾਰਕਸ ਅਤੇ ਏਂਗਲਜ਼ ਅਤੇ ਉਹਨਾਂ ਦੇ ਸਾਥੀਆਂ ਦੀ ਅਗਵਾਈ ਹੇਠ ਸਭਾ ਬੈਲਜੀਅਮ ਵਿੱਚ ਰਹਿੰਦੇ ਜਰਮਨ ਇਨਕਲਾਬੀ ਕਿਰਤੀਆਂ ਲਈ ਇਕੱਠੇ ਹੋਣ ਦਾ ਕਾਨੂੰਨੀ ਕੇਂਦਰ ਬਣ ਗਈ। ਸਭਾ ਦੇ ਸਿਰਕੱਢ ਮੈਂਬਰ ਕਮਿਊਨਿਸਟ ਲੀਗ ਦੀ ਬਰਸੇਲਜ਼ ਸ਼ਾਖ਼ ਦੇ ਮੈਂਬਰ ਵੀ ਸਨ। ਫ਼ਰਾਂਸ ਵਿੱਚ 1848 ਦੇ ਫ਼ਰਵਰੀ ਬੁਰਜੂਆ ਇਨਕਲਾਬ ਤੋਂ ਤੁਰੰਤ ਪਿੱਛੋਂ ਬੈਲਜੀਅਮ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਨ ਅਤੇ ਦੇਸ਼-ਨਿਕਾਲਾ ਦੇਣ ਕਾਰਨ ਬਰਸੇਲਜ਼ ਵਿੱਚ ਜਰਮਨ ਕਿਰਤੀ ਸਭਾ ਦੀਆਂ ਸਰਗਰਮੀਆਂ ਬੰਦ ਹੋ ਗਈਆਂ।

6. "Deutsche Br¸sseler-Zeitung" (ਜਰਮਨ ਬਰਸੇਲਜ਼ ਅਖ਼ਬਾਰ) ਬਰਸੇਲਜ਼ ਵਿੱਚ ਜਰਮਨ ਰਾਜਸੀ ਪਰਵਾਸੀਆਂ ਨੇ ਸ਼ੁਰੂ ਕੀਤਾ ਸੀ ਅਤੇ ਇਹ ਜਨਵਰੀ 1847 ਤੋਂ ਫ਼ਰਵਰੀ 1848 ਤੱਕ ਪ੍ਰਕਾਸ਼ਤ ਹੁੰਦਾ ਰਿਹਾ। ਸਤੰਬਰ 1847 ਤੋਂ ਮਾਰਕਸ ਅਤੇ ਏਂਗਲਜ਼ ਨੇ ਅਖ਼ਬਾਰ ਲਈ ਬਾਕਾਇਦਾ ਲਿਖਿਆ ਅਤੇ ਇਸ ਦੀ ਸੰਪਾਦਕੀ ਨੀਤੀ ਉੱਤੇ ਇੱਕ ਤਕੜਾ ਪ੍ਰਭਾਵ ਪਾਇਆ। ਉਹਨਾਂ ਦੀ ਅਗਵਾਈ ਹੇਠ ਇਹ ਕਮਿਊਨਿਸਟ ਲੀਗ ਦਾ ਮੁੱਖ ਪੱਤਰ ਬਣ ਗਿਆ।

7. "Neue Rheinische Zeitung. Organ des Demokratie". ('ਰ੍ਹਾਈਨ ਦਾ ਨਵਾਂ ਅਖ਼ਬਾਰ। ਜਮਹੂਰੀਅਤ ਦਾ ਮੁੱਖ-ਪੱਤਰ') — ਦੈਨਿਕ ਸਮਾਚਾਰ-ਪੱਤਰ ਜਿਹੜਾ ਕੋਲੋਨ ਤੋਂ 1 ਜੂਨ 1848 ਤੋਂ 19 ਮਈ 1849 ਤੱਕ ਛਪਦਾ ਰਿਹਾ; ਮਾਰਕਸ ਇਹਦੇ ਮੁਖ ਸੰਪਾਦਕ ਸਨ, ਅਤੇ ਏਂਗਲਜ਼ ਸੰਪਾਦਕੀ ਮੰਡਲ ਦੇ ਇੱਕ ਮੈਂਬਰ।

8. **ਜੂਨ ਦੀ ਬਗ਼ਾਵਤ** 23-26, ਇੱਥੇ ਇਸ਼ਾਰਾ 1848 ਦੀ ਪੈਰਿਸ ਦੇ ਮਜ਼ਦੂਰਾਂ ਦੀ ਸੂਰਮਾ ਬਗ਼ਾਵਤ ਵੱਲ ਹੈ। ਇਸ ਬਗ਼ਾਵਤ ਨੂੰ ਬੇਰਹਿਮੀ ਨਾਲ਼ ਦਬਾ ਦਿੱਤਾ ਗਿਆ। ਇਹ ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਪਹਿਲੀ ਮਹਾਨ ਖ਼ਾਨਾਜੰਗੀ ਸੀ।

9. "Kreuzzeitung" (ਸਲੀਬ ਅਖ਼ਬਾਰ) — ਜਰਮਨ ਰੋਜ਼ਾਨਾ "Neue Preuflische Zeitung" (ਨਵਾਂ ਪਰੂਸ਼ੀਆਈ ਅਖ਼ਬਾਰ) ਨੂੰ ਦਿੱਤਾ ਗਿਆ ਨਾਂ, ਕਿਉਂਕਿ ਇਸ ਦੇ ਸਿਰਲੇਖ ਵਿੱਚ ਸਲੀਬ ਦਾ ਨਿਸ਼ਾਨ, ਲੈਂਡਵੇਰ ਦਾ ਚਿੰਨ੍ਹ ਵਰਤਿਆ ਗਿਆ ਸੀ। ਇਹ ਅਖ਼ਬਾਰ, ਜਿਹੜਾ ਜੂਨ 1848 ਤੋਂ 1939 ਤੱਕ ਬਰਲਿਨ ਤੋਂ ਛਪਿਆ, ਉਲਟ-ਇਨਕਲਾਬੀ ਦਰਬਾਰੀ ਜੁੰਡੀ ਅਤੇ ਪਰੂਸ਼ੀਆ ਦੇ ਯੁੰਕਰਾਂ ਦਾ ਮੁਖ ਪੱਤਰ ਸੀ।

10. "Neue Rheinische Zeitung Politisch-ˆkonomische Revue" (ਨਵਾਂ ਰ੍ਹਾਈਨੀ ਅਖ਼ਬਾਰ, ਰਾਜਸੀ-ਆਰਥਕ ਪੜਚੋਲ) — ਇੱਕ ਪੱਤਰ, ਕਮਿਊਨਿਸਟ ਲੀਗ ਦਾ ਸਿਧਾਂਤਕ ਮੁਖ-ਪੱਤਰ ਜਿਹੜਾ ਮਾਰਕਸ ਤੇ ਏਂਗਲਜ਼ ਨੇ ਕੱਢਿਆ ਸੀ। ਇਹ ਦਸੰਬਰ 1849 ਤੋਂ ਨਵੰਬਰ 1850 ਤੱਕ ਪ੍ਰਕਾਸ਼ਤ ਹੋਇਆ; ਭਾਵੇਂ ਛੇ ਹੀ ਅੰਕ ਨਿਕਲੇ।

11. 1 ਨਵੰਬਰ, 1848 ਨੂੰ ਆਸਟਰੀਆ ਦੇ ਸ਼ਹਿਨਸ਼ਾਹ ਦੀਆਂ ਫ਼ੌਜਾਂ ਨੇ ਸੱਤ ਦਿਨ ਦੀ ਜ਼ਬਰਦਸਤ ਲੜਾਈ ਪਿੱਛੋਂ ਵੀਆਨਾ ਵਿੱਚ ਜਨਤਕ ਬਗ਼ਾਵਤ ਕੁਚਲ ਦਿੱਤੀ ਅਤੇ ਸ਼ਹਿਰ ਉੱਤੇ ਕਬਜ਼ਾ ਕਰ

ਲਿਆ।

ਨਵੰਬਰ ਅਤੇ ਦਸੰਬਰ 1848 ਵਿੱਚ, ਪਰੂਸ਼ੀਆ ਵਿੱਚ ਇੱਕ ਪਿਛੇਖਿਚੂ ਰਾਜ-ਪਲਟਾ ਹੋਇਆ; 1 ਨਵੰਬਰ ਨੂੰ ਇੱਕ ਖੁਲ੍ਹਮ-ਖੁੱਲ੍ਹਾ ਉਲਟ-ਇਨਕਲਾਬੀ ਸਰਕਾਰ ਨੇ ਸੱਤ੍ਹਾ ਸੰਭਾਲ ਲਈ। 9 ਨਵੰਬਰ ਨੂੰ, ਪਰੂਸ਼ੀਆ ਦੀ ਕੌਮੀ ਅਸੈਂਬਲੀ ਦੇ ਸਮਾਗਰਾਂ ਦਾ ਸਥਾਨ ਬਰਲਿਨ ਤੋਂ ਬਰੈਂਡਨਬਰਗ ਸ਼ਹਿਰ ਵਿੱਚ ਬਦਲ ਦਿੱਤਾ ਗਿਆ; ਕੌਮੀ ਅਸੈਂਬਲੀ ਦੀ ਬਹੁ-ਗਿਣਤੀ ਨੂੰ, ਜਿਸ ਨੇ ਆਪਣੀਆਂ ਬੈਠਕਾਂ ਬਰਲਿਨ ਵਿੱਚ ਜਾਰੀ ਰੱਖੀਆਂ ਸਨ, 15 ਨਵੰਬਰ ਨੂੰ ਫ਼ੌਜਾਂ ਨੇ ਖਿੰਡਾਂ ਦਿੱਤਾ। 5 ਦਸੰਬਰ ਨੂੰ ਕੌਮੀ ਅਸੈਂਬਲੀ ਤੋੜ ਦੇਣ ਅਤੇ ਪਿਛੇਖਿਚੂ ਸੰਵਿਧਾਨ ਦਾ ਐਲਾਨ ਕਰਨ ਨਾਲ਼ ਰਾਜ-ਪਲਟੇ ਦਾ ਅੰਤ ਹੋਇਆ।

12. ਇੱਥੇ ਸ਼ਾਹੀ ਸੰਵਿਧਾਨ ਦੇ ਸਮਰਥਨ ਵਿੱਚ (ਜਿਸ ਨੂੰ 28 ਮਾਰਚ 1849 ਨੂੰ ਫਰੈਂਕਫ਼ੋਰਟ ਪਾਰਲੀਮੈਂਟ ਨੇ ਪ੍ਰਵਾਨ ਕੀਤਾ ਪਰ ਕਈ ਜਰਮਨ ਰਾਜਾਂ ਨੇ ਰੱਦ ਕਰ ਦਿੱਤਾ) ਮਈ-ਜੁਲਾਈ 1849 ਵਿੱਚ ਜਰਮਨੀ ਵਿੱਚ ਹੋਈਆਂ ਜਨਤਕ ਬਗ਼ਾਵਤਾਂ ਵੱਲ ਇਸ਼ਾਰਾ ਹੈ। ਇਹ ਬਗ਼ਾਵਤਾਂ ਆਪਮੁਹਾਰੀਆਂ ਅਤੇ ਆਪੋ ਵਿੱਚ ਨਿਖੜੀਆਂ ਹੋਈਆਂ ਸਨ ਅਤੇ ਇਸੇ ਲਈ ਅੱਧ-ਜੁਲਾਈ 1849 ਵਿੱਚ ਕੁੱਚਲ ਦਿੱਤੀਆਂ ਗਈਆਂ।

13. **13 ਜੂਨ, 1849** ਨੂੰ ਮਾਨਟੇਨ ਨਾਂ ਦੀ ਨਿੱਕ-ਬੁਰਜੂਆ ਪਾਰਟੀ ਨੇ ਫ਼ਰਾਂਸੀਸੀ ਫ਼ੌਜਾਂ ਨੂੰ ਇਨਕਲਾਬ ਕੁਚਲਣ ਲਈ ਇਟਲੀ ਭੇਜੇ ਜਾਣ ਦੇ ਖ਼ਿਲਾਫ਼ ਪੈਰਿਸ ਵਿੱਚ ਇੱਕ ਸ਼ਾਂਤਮਈ ਰੋਸ ਮੁਜ਼ਾਹਰਾ ਜੱਥੇਬੰਦ ਕੀਤਾ। ਫ਼ੌਜਾਂ ਨੇ ਮੁਜ਼ਾਹਰੇ ਨੂੰ ਖਿੰਡ ਦਿੱਤਾ। ਮਾਨਟੇਨ ਦੇ ਬਹੁਤ ਸਾਰੇ ਆਗੂ ਗ੍ਰਿਫ਼ਤਾਰ ਕਰ ਲਏ ਜਾਂ ਉਹਨਾਂ ਨੂੰ ਪਰਵਾਸੀ ਬਣਨ ਲਈ ਮਜਬੂਰ ਕੀਤਾ ਗਿਆ।

14. **ਕੋਲੋਨ ਦਾ ਕਮਿਊਨਿਸਟ ਮੁਕਦਮਾ** (4 ਅਕਤੂਬਰ-12 ਨਵੰਬਰ 1852) — ਕਮਿਊਨਿਸਟ ਲੀਗ ਦੇ 11 ਮੈਂਬਰਾਂ ਉੱਤੇ ਝੂਠਾ ਮੁਕਦਮਾ, ਜੋ ਪਰੂਸ਼ੀਆ ਦੀ ਸਰਕਾਰ ਨੇ ਚਲਾਇਆ. ਜਾਅਲੀ ਦਸਤਾਵੇਜ਼ਾਂ ਅਤੇ ਝੂਠੀਆਂ ਗਵਾਹੀਆਂ ਦੇ ਅਧਾਰ ਉੱਤੇ ਘੋਰ ਗ਼ਦਾਰੀ ਦਾ ਦੋਸ਼ ਥੋਪ ਕੇ, ਸਤ ਮੁਲਜ਼ਮਾਂ ਨੂੰ ਤਿੰਨ ਤੋਂ ਛੇ ਸਾਲ ਤੱਕ ਦੀ ਕਿਲ੍ਹੇ ਵਿੱਚ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

15. "The New York Daily Tribune" — 1851 ਤੋਂ 1924 ਤੱਕ ਪ੍ਰਕਾਸ਼ਤ ਹੋਣ ਵਾਲ਼ਾ ਅੱਗੇ-ਵਧੂ ਬੁਰਜੂਆ ਅਖ਼ਬਾਰ। ਮਾਰਕਸ ਤੇ ਏਂਗਲਜ਼ ਨੇ ਅਗਸਤ 1851 ਤੋਂ ਮਾਰਚ 1862 ਤੱਕ ਇਸ ਅਖ਼ਬਾਰ ਲਈ ਲੇਖ ਲਿਖੇ.

16. **ਅਮਰੀਕਾ ਵਿੱਚ ਖ਼ਾਨਾਜੰਗੀ** (1861-65) ਉਤਰ ਦੇ ਸਨਅਤੀ ਰਾਜਾਂ ਅਤੇ ਦੱਖਣ ਦੇ ਬਾਗ਼ੀ ਗ਼ੁਲਾਮ-ਮਾਲਕ ਰਾਜਾਂ ਵਿਚਕਾਰ ਲੜੀ ਗਈ ਸੀ।

17. **ਅਤਾਲਵੀ ਜੰਗ** — 1849 ਵਿੱਚ ਆਸਟਰੀਆ ਦੇ ਖ਼ਿਲਾਫ਼ ਫ਼ਰਾਂਸ ਅਤੇ ਪੀਡਮੋਂਟ ਵਿਚਕਾਰ ਜੰਗ। ਇਹ ਨੈਪੋਲੀਅਨ ਤੀਜੇ ਵੱਲੋਂ ਕਹਿਣ ਨੂੰ ਇਟਲੀ ਦੀ ਆਜ਼ਾਦੀ ਨੂੰ ਅੱਗੇ ਵਧਾਉਣ ਲਈ ਸ਼ੁਰੂ ਕੀਤੀ ਗਈ ਸੀ, ਪਰ ਅਸਲ ਵਿੱਚ ਉਹ ਇਲਾਕਾਈ ਮੱਲਾਂ ਮਾਰਨ ਅਤੇ ਫ਼ਰਾਂਸ ਵਿੱਚ ਬੋਨਾਪਾਰਟਪੰਥੀ ਹਕੂਮਤ ਨੂੰ ਪਾਇਦਾਰ ਬਣਾਉਣ ਤੋਂ ਪ੍ਰੇਰਿਤ ਸੀ, ਪਰ ਨੈਪੋਲੀਅਨ ਤੀਜਾ, ਇਟਲੀ ਵਿੱਚ ਕੌਮੀ ਅਜ਼ਾਦੀ ਦੀ ਲਹਿਰ ਦੀ ਚੜ੍ਹਦੀ ਕਾਂਗ ਤੋਂ ਡਰਿਆ ਹੋਇਆ ਸੀ ਅਤੇ ਉਸ ਨੇ ਇਟਲੀ ਦੀ ਵੰਡ ਨੂੰ ਕਾਇਮ ਰੱਖਮ ਲਈ ਆਸਟਰੀਆ ਨਾਲ਼ ਵੱਖਰੀ ਅਮਨ ਸੰਧੀ ਕਰ ਲਈ। ਇਸ ਸੰਧੀ ਅਨੁਸਾਰ ਸਵੋਈ ਅਤੇ ਨੀਸ ਨਾਲ਼ ਫ਼ਰਾਂਸ ਦਾ ਇਲਹਾਕ ਹੋ ਗਿਆ, ਲੋਮਬਾਰਦੀ ਨੂੰ ਸਾਰਡੀਨੀਆਂ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਵੀਨਸ ਆਸਟੀਆ ਦੀ ਹਕੂਮਤ ਹੇਠ ਰਹਿਣ ਦਿੱਤਾ ਗਿਆ।

18. "Das Volk" — 7 ਮਈ ਅਤੇ 20 ਅਗਸਤ 1859 ਵਿਚਕਾਰ ਮਾਰਕਸ ਦੀ ਸਿੱਧੀ

ਸ਼ਮੂਲੀਅਤ ਨਾਲ਼ ਲੰਦਨ ਤੋਂ ਜਰਮਨ ਭਾਸ਼ਾ ਵਿੱਚ ਪ੍ਰਕਾਸ਼ਤ ਸਪਤਾਹਿਕ। ਮਾਰਕਸ ਅਮਲ ਵਿੱਚ ਸ਼ੁਰੂ ਜੁਲਾਈ ਤੋਂ ਇਸ ਦਾ ਸੰਪਾਦਕ ਬਣ ਗਿਆ ਸੀ.

19. ਇੱਥੇ ਇਸ਼ਾਰਾ ਪੈਰਿਸ ਦੇ **ਤੂਲਰੀ** ਮਹੱਲ ਵੱਲ ਹੈ, ਜਿਹੜਾ ਦੂਜੀ ਸ਼ਹਿਨਸ਼ਾਹੀ ਦੇ ਸਮੇਂ ਨੈਪੋਲੀਅਨ ਤੀਜੇ ਦਾ ਨਿਵਾਸ-ਸਥਾਨ ਸੀ।

20. 4 ਸਤੰਬਰ, 1870 ਦੀ ਜਨਤਕ ਇਨਕਲਾਬ ਬਗ਼ਾਵਤ ਨਾਲ਼ ਦੂਜੀ ਸ਼ਹਿਨਸ਼ਾਹੀ ਦਾ ਪਤਨ ਹੋ ਗਿਆ; ਗਣਰਾਜ ਦਾ ਐਲਾਨ ਕਰ ਦਿੱਤਾ ਗਿਆ ਅਤੇ ਇੱਕ ਆਰਜ਼ੀ ਸਰਕਾਰ, ਅਖੌਤੀ ਕੌਮੀ ਸੁਰਖਿਆ ਦੀ ਸਰਕਾਰ, ਕਾਇਮ ਹੋ ਗਈ, ਜਿਸ ਵਿੱਚ ਨਰਮ ਖ਼ਿਆਲ ਗਣਰਾਜਵਾਦੀ ਅਤੇ ਰਾਜਤੰਤਰਵਾਦੀ ਦੋਵੇਂ ਸ਼ਾਮਲ ਸਨ। ਪੈਰਿਸ ਦੇ ਗਵਰਨਰ-ਜਨਰਲ, ਤਰੋਸ਼ੂ ਦੀ ਅਗਵਾਈ ਹੇਠਲੀ ਅਤੇ ਅਸਲ ਵਿੱਚ ਥਿਏਰ ਤੋਂ ਪ੍ਰੇਰਿਤ, ਇਹ ਸਰਕਾਰ ਕੌਮੀ ਹਿੱਤਾਂ ਨਾਲ਼ ਗ਼ਦਾਰੀ ਕਰਨ ਅਤੇ ਦੁਸ਼ਮਣ ਨਾਲ਼ ਵਿਸਾਹਘਾਤੀ ਸਮਝੌਤੇ ਕਰਨ 'ਤੇ ਤੁੱਲੀ ਹੋਈ ਸੀ।

21. ਕੌਮਾਂਤਰੀ ਮਜ਼ਦੂਰ ਸੰਘ ਦੀ **ਹੇਗ ਕਾਂਗਰਸ** 2 ਅਤੇ 7 ਸਤੰਬਰ 1872 ਵਿਚਕਾਰ ਹੋਈ ਸੀ। ਇਸ ਵਿੱਚ ਮਾਰਕਸ ਤੇ ਏਂਗਲਜ਼ ਸਮੇਤ ਜਿਨ੍ਹਾਂ ਨੇ ਕਾਂਗਰਸ ਦੇ ਸਾਰੇ ਕੰਮ ਦੀ ਅਗਵਾਈ ਕੀਤੀ, 15 ਕੌਮੀ ਜੱਥੇਬੰਦੀਆਂ ਤੋਂ 65 ਡੈਲੀਗੇਟ ਸ਼ਾਮਲ ਹੋਏ ਸਨ। ਇਹ ਕਾਂਗਰਸ ਉਸ ਸੰਗਰਾਮ ਦੀ ਸਿੱਖਰ ਸੀ ਜਿਹੜਾ ਮਾਰਕਸ, ਏਂਗਲਜ਼ ਤੇ ਉਨ੍ਹਾਂ ਦੇ ਸਾਥੀਆਂ ਨੇ ਮਜ਼ਦੂਰ ਜਮਾਤ ਲਹਿਰ ਵਿੱਚ ਹਰ ਕਿਸਮ ਦੇ ਨਿੱਕ-ਬੁਰਜੂਆ ਸੰਕੀਰਣਤਾਵਾਦ ਵਿਰੁੱਧ ਕਈ ਵਰ੍ਹੇ ਲੜਿਆ। ਅਰਾਜਕਤਾਵਾਦੀਆਂ ਦੀਆਂ ਸੰਕੀਰਣਤਾਵਾਦੀ ਸਰਗਰਮੀਆਂ ਦੀ ਨਿਖੇਧੀ ਕੀਤੀ ਗਈ ਅਤੇ ਉਹਨਾਂ ਦੇ ਆਗੂ ਇੰਟਰਨੈਸ਼ਨਲ ਵਿੱਚੋਂ ਕੱਢ ਦਿੱਤੇ ਗਏ। ਹੇਗ ਕਾਂਗਰਸ ਦੇ ਫੈਸਲਿਆਂ ਨੇ ਵੱਖ-ਵੱਖ ਦੇਸ਼ਾਂ ਵਿੱਚ ਮਜ਼ਦੂਰ ਜਮਾਤ ਦੀਆਂ ਸੁਆਧੀਨ ਰਾਜਸੀ ਪਾਰਟੀਆਂ ਕਾਇਮ ਕਰਨ ਦਾ ਰਾਹ ਤਿਆਰ ਕਰ ਦਿੱਤਾ।

22. **1871 ਦੀ ਪੈਰਿਸ ਕਮਿਊਨ** — ਕਿਰਤੀ ਸ਼੍ਰੇਣੀ ਦੀ ਇਨਕਲਾਬੀ ਸਰਕਾਰ ਜਿਹੜੀ 28 ਮਾਰਚ ਤੋਂ 28 ਮਈ 1871 ਤੱਕ ਸੱਤ੍ਹਾਧਾਰੀ ਰਹੀ। ਪ੍ਰਯਾਪਤ ਖੁੱਲ੍ਹੇ ਅਰਥਾਂ ਵਿੱਚ ਇਹ ਪਦ 18 ਮਾਰਚ 1871 ਦੇ ਯਥਾਰਥਕ ਪ੍ਰੋਲੇਤਾਰੀ ਇਨਕਲਾਬ ਅਤੇ ਇਸ ਤੋਂ ਪਿੱਛੋਂ ਦੀ ਪ੍ਰੋਲੇਤਾਰੀ ਡਿਕਟੇਟਰਸ਼ਿਪ ਦੇ ਦੌਰ ਲਈ ਵੀ ਵਰਤਿਆ ਜਾਂਦਾ ਹੈ। ਕਾਰਲ ਮਾਰਕਸ ਦੀ ਰਚਨਾ "ਫ਼ਰਾਂਸ ਦੀ ਖ਼ਾਨਾਜੰਗੀ" ਵਿੱਚ ਪੈਰਿਸ ਕਮਿਊਨ ਦੇ ਇਤਿਹਾਸ ਦੀ ਚਰਚਾ ਕੀਤੀ ਗਈ ਹੈ ਅਤੇ ਇਸ ਦੇ ਮੂਲ ਲੱਛਣਾਂ ਦਾ ਵਧੇਰੇ ਵਿਸਥਾਰ ਨਾਲ਼ ਵਿਸ਼ਲੇਸ਼ਣ ਕੀਤਾ ਗਿਆ ਹੈ। ਵੇਖੋ ਇਸ ਸੰਸਕ੍ਰਣ ਦਾ ਦੂਜਾ ਭਾਗ।

******

ਮਾਰਕਸ ਆਪਣੇ ਸਮੇਂ ਦੇ ਸਭ ਤੋਂ ਵੱਧ ਘ੍ਰਿਣਤ ਅਤੇ ਸਭ ਤੋਂ ਵੱਧ ਬਦੂ ਕੀਤੇ ਮਨੁੱਖ ਸਨ। ਨਿਰੰਕੁਸ਼ਵਾਦੀ ਅਤੇ ਜਮਹੂਰੀ ਦੋਹਾਂ ਹਕੂਮਤਾਂ ਨੇ ਉਹਨਾਂ ਨੂੰ ਆਪਣੇ ਇਲਾਕਿਆਂ ਵਿੱਚੋਂ ਬਦਰ ਕੀਤਾ। ਬੁਰਜੂਆ, ਭਾਵੇਂ ਪੁਰਾਤਨ-ਖ਼ਿਆਲੀ ਜਾਂ ਪਰਾ-ਜਮਹੂਰੀ, ਉਹਨਾਂ ਉੱਤੇ ਊਜਾਂ ਥੱਪਣ ਵਿੱਚ ਇੱਕ ਦੂਜੇ ਤੋਂ ਅੱਗੇ ਵਧਣ ਦਾ ਯਤਨ ਕਰਦੇ। ਇਸ ਸਭ ਕੁੱਝ ਨੂੰ ਉਹ ਲਾਂਭੇ ਹੂੰਝ ਦੇਂਦੇ ਜਿਵੇਂ ਮਕੜੀ ਦਾ ਜਾਲ਼ਾ ਹੋਵੇ, ਇਹਨੂੰ ਅੱਖੋਂ ਉਹਲੇ ਕਰ ਦੇਂਦੇ ਅਤੇ ਉਦੋਂ ਹੀ ਜਵਾਬ ਦੇਂਦੇ ਜਦੋਂ ਅਤਿ ਦੀ ਲੋੜ ਉਹਨਾਂ ਨੂੰ ਮਜਬੂਰ ਕਰਦੀ। ਅਤੇ ਉਹ ਕਰੋੜਾਂ ਕਿਰਤੀਆਂ ਵੱਲੋਂ ਪਿਆਰੇ, ਸਤਿਕਾਰੇ ਅਤੇ ਸੋਗ ਮਨਾਏ ਹੋਏ ਮਰੇ—ਸਾਇਬੇਰੀਆ ਦੀਆਂ ਖਾਣਾਂ ਤੋਂ ਲੈਕੇ ਕੈਲੀਫੋਰਨੀਆ ਤੱਕ, ਯੂਰਪ ਅਤੇ ਅਮਰੀਕਾ ਦੇ ਸਭਨਾਂ ਹਿੱਸਿਆਂ ਵਿੱਚ—ਅਤੇ ਮੈਂ ਇਹ ਕਹਿਣ ਦੀ ਦਲੇਰੀ ਕਰਦਾ ਹਾਂ ਕਿ ਭਾਵੇਂ ਉਹਨਾਂ ਦੇ ਅਨੇਕ ਵਿਰੋਧੀ ਸਨ, ਉਹਨਾਂ ਦਾ ਸ਼ਾਇਦ ਹੀ ਕੋਈ ਨਿੱਜੀ ਦੁਸ਼ਮਣ ਸੀ।

ਪੀੜ੍ਹੀਆਂ ਤੱਕ ਉਨ੍ਹਾਂ ਦਾ ਨਾਮ ਜ਼ਿੰਦਾ ਰਹੇਗਾ ਅਤੇ ਇਸੇ ਤਰ੍ਹਾਂ ਉਨ੍ਹਾਂ ਦਾ ਕੰਮ ਵੀ।

—ਏਂਗਲਜ਼



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ – 15.00 ਰੁ.